ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

ਵਧਾਈ ! ਗੁਰੂ ਨਾਨਕ ਨੰਬਰ ਵਧਾਈ !!

## ਗੁਰਦੁਆਰਾ ਸਾਹਿਬ ਨਾਨਕ ਝੀਰਾ

( ਬਿਦਰ, ਮੈਸੂਰ ਸਟੇਟ )

NOVEMBER 1967



ਨਵੰਬਰ ੧੯੬੭

(ਇਸ ਗੁਰਦੁਆਰੇ ਦਾ ਇਤਿਹਾਸ—ਅੰਦਰ ਪੜ੍ਹੋ)

www.AKJ.Org

# ਲੇਖ ਸੂਚੀ


| ਨੰ: ਲੇਖ | ਪੰਨਾ | ਲੇਖਕ |
|---|---|---|
| ੧. ਸੰਪਾਦਕੀ | ੪ | ਸੰਪਾਦਕ |
| ੨. ਐਡੀਟਰ ਦੀ ਡਾਕ | ੬ | ......... |
| ੩. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ | ੮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪. ਗੁਰੂ ਨਾਨਕ ਸਾਹਿਬ ਦਾ ਪ੍ਰਚਾਰ ਢੰਗ | ੧੦ | ਭਾ: ਗੁਰਮੁਖ ਸਿੰਘ ਜੀ *(B.A. B.ed.)* ਪਟਿਆਲਾ। |
| ੫. ਸਭ ਤੇ ਵਡਾ ਸਤਿਗੁਰ ਨਾਨਕ | ੧੩ | ਭਾਈ ਮਾਲਿਕ ਸਿੰਘ ਜੀ *B.Sc.* ਕਾਨਪੁਰ |
| ੬. ਗੁਰੂ ਨਾਨਕ-ਇਕ ਅਧਿਆਪਕ ਦੇ ਰੂਪ ਵਿਚ | ੨੦ | ਭਾ:ਗੁਰਚਰਨ ਸਿੰਘ ਜੀ *M.A.* ਨੂਰਮਹਿਲ |
| ੭. ਜੀਵਨ ਸ੍ਰੀ ਗੁਰੂ ਨਾਨਕ ਸਾਹਿਬ | ੨੩ | ਗਿਆਨੀ ਦਿਆਲ ਸਿੰਘ ਜੀ ਪਟਿਆਲਾ |
| ੮. ਗੁਰੂ ਨਾਨਕ ਦਾ ਕਲਾਮ | ੨੮ | ਭਾਈ ਸਤਿਨਾਮ ਸਿੰਘ ਜੀ ਲੁਧਿਆਣਾ |
| ੯. ਇਤਿਹਾਸ ਗੁਰਦਵਾਰਾ ਨਾਨਕ ਝੀਰਾ ਸਾਹਿਬ (ਬਿਦਰ) | ੩੨ | ਗੁਰਦਵਾਰਾ ਕਮੇਟੀ ਨਾਨਕ ਝੀਰਾ ਸਾਹਿਬ। |
| ੧੦. ਮਨੋਵਿਗਿਆਨ ਦੀ ਕਸਵੱਟੀ ਉਤੇ ਸਾਡਾ ਪ੍ਰਚਾਰ ਢੰਗ | ੩੭ | ਭਾਈ ਅਮਰੀਕ ਸਿੰਘ ਜੀ *B.A.* ਬੜੋਦਾ |
| ੧੧. ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ | ੪੧ | ਰਪੋਟਰ ਸੂਰਾ |
| ੧੨. ਗੁਰਮਤਿ ਦੇ ਝਰੋਖੇ ਤੋਂ | ੪੪ | ਇਕ ਗੁਰਮਤਿ ਖੋਜੀ ਵਲੋਂ |
| ੧੩. ਅਖੰਡ ਕੀਰਤਨ ਸਮਾਗਮ : | ੪੬ | ਨਿਰਬਾਨ ਕੀਰਤਨੀ ਜਥਾ ਜਲੰਧਰ |
| ੧੪. ਸਤਿਗੁਰ ਕੀ ਇਕ ਸਾਖੀ | ੪੭ | ਗਿ: ਜਸਵੰਤ ਸਿੰਘ ਜੀ ਅੰਮ੍ਰਿਤਸਰ |


## ਇਸ ਮਹੀਨੇ ਵਿਚ ਗੁਰਪੁਰਬ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗੱਦੀ ਨਦੇੜ | ੩ ਨਵੰਬਰ |
| ਪਾਤਸ਼ਾਹੀ ਦਸਵੀਂ ਜੋਤੀ ਜੋਤ ਸਮਾਏ | ੬ ਨਵੰਬਰ |
| ਪਾਤਸ਼ਾਹੀ ਪਹਿਲੀ ਅਵਤਾਰ ਧਾਰਿਆ | ੧੭ ਨਵੰਬਰ |

## 'ਸੂਰਾ' ਦਾ ਸਾਲਾਨਾ ਚੰਦਾ

ਦੇਸ ੬) ਰੁਪਏ — ਪ੍ਰਦੇਸ ੧੦) ਰੁਪਏ

ਲਾਈਫ਼ ਮੈਂਬਰ— ੧੫੦) ਰੁਪਏ — ਇਕ ਕਾਪੀ ੫੦ ਪੈਸੇ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜ਼ਿਲਦ ਨੰ: ੨ ਕਤਕ—ਮਘਰ ੪੯੮ ਨਾਨਕ ਸ਼ਾਹੀ ਅੰਕ ਨੰ: ੧੦


ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥

(ਬਾਰਹਮਾਹ ਮਾਝ ਮਹਲਾ ੫ ਘਰੁ ੪)


ਆਨਰੇਰੀ ਐਡੀਟਰ :
ਮਨੋਹਰ ਸਿੰਘ

ਨਵੰਬਰ ੧੯੬੭

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾਕੇ ਦਫਤਰ 'ਸੂਰਾ' ਰਾਘੋਮਾਜਰਾ, ਪਟਿਆਲਾ ੩ ਤੋਂ ੫ ਨਵੰਬਰ ੧੯੬੭ ਨੂੰ ਪ੍ਰਕਾਸ਼ਤ ਕੀਤਾ ।



www.AKJ.Org




ਸਾਰੇ ਜਗਤ ਦੇ ਤਾਰਕ, ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਪੁਰਬ ੩ ਨਵੰਬਰ ਨੂੰ, ਤੇ ਇਸੇ ਮਹੀਨੇ ਗੁਰੂ ਦੇਵ ਜੀ ਦੇ ਪਹਿਲੇ ਜਾਮੇਂ ਦਾ ਪ੍ਰਕਾਸ਼ ਪੁਰਬ ੧੭ ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਸਭ ਸੰਗਤਾਂ ਨੂੰ ਲਖ ਲਖ ਵਧਾਈ ਹੋਵੇ।

ਨਵੀਨ ਖੋਜ ਨੇ ਇਹ ਸਿਧ ਕਰ ਦਿਤਾ ਹੈ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਵਿਸਾਖੀ ਵਾਲੇ ਦਿਨ ਹੋਇਆ ਸੀ, ਪਰ ਕਿਉਂਕਿ ਪੰਥ ਵਿੱਚ ਅਜੇ ਕਤਕ ਪੂਰਨਮਾਸ਼ੀ ਹੀ ਪਰਚਲਤ ਹੈ। ਕੁਝ ਸਮਾਂ ਲਗੇਗਾ ਜਦੋਂ ਕਿ ਇਹ ਪ੍ਰਕਾਸ਼ ਉਤਸ਼ਵ ਤੇ ਖਾਲਸੇ ਦਾ ਜਨਮ ਦਿਹਾੜਾ ਕੱਠਾ ਹੀ ਮਨਾਇਆ ਜਾਏਗਾ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਇਹ ਦਿਨ ਏਵੇਂ ਤਾਂ ਨਹੀਂ ਸੀ ਚੁਨਿਆਂ। ਇਸ ਦਿਨ ਦੀ ਮਹਾਨਤਾ ਨੂੰ ਮੁਖ ਰਖਕੇ ਗੁਰੂ ਮਹਾਰਾਜ ਨੇ ਅੰਮ੍ਰਿਤ ਦੀ ਦਾਤ ਖ਼ੁਲੇ ਆਮ ਵੰਡੀ।

ਸ੍ਰੀ ਸਤਿਗੁਰੂ ਜੀ ਦੇ ਜੀਵਨ ਤੇ ਝਾਤ ਮਾਰੀਏ ਤਾਂ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਕ ਦੋ ਗਲਾਂ ਦਾ ਬਹੁਤ ਸੋਹਣਾ ਨਿਖੇੜਾ ਹੁੰਦਾ ਹੈ। ਆਪ ਨੇ ਦਰਸ਼ਨ ਜਾਂ ਨਿਰੀ ਫਿਲਾਸਫੀ ਨੂੰ ਧਰਮ ਤੋਂ ਨਿਖੇੜਿਆ। ਫਿਲਾਸਫੀ ਨੂੰ ਆਪ ਨੇ ਦਿਮਾਗ਼ੀ ਕਸਰਤ ਦਾ ਨਾਂ ਦਿਤਾ। ਜਿਤਨੇ ਵੱਡੇ ਵੱਡੇ ਦਾਰਸ਼ਨਿਕਾਂ ਨਾਲ ਆਪ ਦੀ ਮੁਲਾਕਾਤ ਹੋਈ ਸੀ, ਉਹ ਮਾਨਸਕ ਜਾਂ ਦਿਮਾਗੀ ਤੌਰ ਤੇ (intellectually) ਕਾਫੀ ਉਚੇ ਸਨ। ਉਸ ਸਮੇਂ ਇਹੋ ਜਿਹੇ ਲੋਗ ਸਮਾਜ ਵਿਚ ਬਹੁਤ ਸਤਿਕਾਰੇ ਜਾਂਦੇ ਸਨ। ਪਰ ਗੁਰੂ ਬਾਬੇ ਜੀ ਦੀ ਪਾਰਖੂ ਦ੍ਰਿਸ਼ਟੀ ਨੇ ਛੇਤੀ ਹੀ ਭਾਂਪ ਲਿਆ ਕਿ ਇਹਨਾਂ ਮਹਾਨ ਦਾਰਸ਼ਨਿਕਾਂ ਦੇ ਪਲੇ ਭਾਂਵੇਂ ਗਿਆਨ ਹੈ, ਜੇ "ਪਰੀਤ" ਨਹੀਂ ਤਾਂ ਅਜੇ ਅਧੂਰੇ ਹਨ। ਅਧੂਰੇ ਹੀ ਨਹੀਂ ਸਗੋਂ ਮਿਰਤਕ ਹੀ ਦਸਿਆ।

ਅਤਿ ਸੁੰਦਰ, ਕੁਲੀਨ, ਚਤੁਰ, ਮੁਖ ਙਿਆਨੀ, ਧਨਵੰਤ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀ ਭਗਵੰਤ

ਗੁਰੂ ਬਾਬਾ ਜੀ ਦੀ ਦ੍ਰਿਸ਼ਟੀ ਵਿੱਚ ਵਾਹਿਗੁਰੂ ਜੀ ਦੀ ਪ੍ਰੀਤ ਹੀ ਸਭ ਤੋਂ ਉਤਮ ਵਸਤੂ ਹੈ ਜੋ ਮਨੁਖਾ ਜਨਮ ਸਫਲਾ ਕਰਨ ਲਈ ਅਤਿ ਲੋੜੀਂਦੀ ਹੈ। ਇਸ ਤੋਂ ਬਿਨਾ ਫਿਲਾਸਫਰ ਤਾਂ ਕੀ ਪੰਜੇ ਗੁਣਾਂ ਵਾਲਾ ਭੀ ਮਿਰਤਕ ਹੈ। ਇਸ ਲਈ ਧਰਮ ਦਾ ਆਧਾਰ ਪ੍ਰੀਤ ਤੇ ਫਿਲਸਫੇ ਦਾ ਆਧਾਰ ਗਿਆਨ ਹੋਣ ਕਰਕੇ ਦੋਨਾਂ ਦਾ ਨਿਖ਼ੇੜਾ ਕੀਤਾ। ਜਨ- ਸਾਧਾਰਨ ਲਈ ਫਿਲਸਫੇ ਦਾ ਮਾਰਗ ਕਠਨ ਹੀ ਨਹੀਂ ਸਗੋਂ ਸਖਣਾ ਭੀ ਹੈ, ਇਹ ਗਲ ਡੰਕੇ ਦੀ ਚੋਟ ਨਾਲ ਗੁਰੂ ਬਾਬੇ ਜੀ ਨੇ ਹਰ ਥਾਂ ਤੇ, ਹਰ ਇਕਠ ਜਾਂ ਮੇਲੇ ਵਿਚ ਕਹੀ ਤੇ ਜਨਤਾ ਨੂੰ ਕੇਵਲ "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਦਾ ਉਪਦੇਸ਼ ਦਿਤਾ। ਦੂਸਰੀ ਕਮਾਲ ਦੀ ਨਿਖੇੜਵੀਂ ਗਲ ਸਤਿਗੁਰਾਂ ਨੇ ਜੋਗੀਆਂ ਦੇ ਜੋਗ ਮਤ ਬਾਰੇ ਦਸੀ। ਜੋਗ ਨਾਮ ਹੈ ਮਿਲਾਪ ਦਾ


www.AKJ.Org

ਜੋਗ ਨੂੰ ਮਾੜਾ ਨਹੀਂ ਕਿਹਾ, ਅਧੂਰਾ ਮਾਰਗ ਦਸਿਆ, ਇਹ ਮਾਰਗ ਵਾਹਿਗੁਰੂ ਜੀ ਦਾ ਮਿਲਾਪ ਨਹੀਂ ਕਰਾ ਸਕਦਾ। ਚੌਰਾਸੀ ਆਸਣ, ਪ੍ਰਾਣਾਯਮ ਤੇ ਹੋਰ ਬਥੇਰੀਆਂ ਸਾਧਨਾਂ ਕਰਕੇ ਚੰਚਲ ਮਨ ਨੂੰ ਰੋਕਿਆ (suppress) ਜਾਂਦਾ ਸੀ। ਪਰ ਗੁਰੂ ਮਹਾਰਾਜ ਨੇ ਸਿਧਾਂ ਤੇ ਜੋਗੀਆਂ ਨੂੰ ਇਕੋ (standard) "'ਪ੍ਰੀਤ" ਦਾ ਪਰਚਾ ਪਾ ਕੇ ਪਰਖ ਕੇ ਦਸ ਦਿਤਾ ਕਿ ਵੱਡੇ ਤੋਂ ਵੱਡਾ ਜੋਗੀ ਜਾਂ ਸਿਧ ਭੀ ਭਗਵੰਤ ਦੀ ਪ੍ਰੀਤ ਤੋਂ ਸਖਣਾ ਅਜੇ ਬਹੁਤ ਦੂਰ ਹੈ। ਨਿਵਲ ਭੁਅੰਗਮ ਸਾਧਨ ਮਹਾਰਾਜ ਨੇ ਵਿਅਰਥ ਦਸੇ, ਸਗੋਂ ਇਤਨਾ ਕੁਝ ਕਰਨ ਤੋਂ ਬਾਦ ਵੀ ਜਗਿਆਸੂ ਅੰਹ ਰੋਗ ਤੋਂ ਪੀੜਤ ਹੀ ਰਹਿੰਦਾ ਹੈ। ਜੋਗ ਆਸਣਾਂ ਦੀ ਥਾਂ ਗੁਰੂਦੇਵ ਜੀ ਨੇ ਹੁਕਮਨ ਸਿਰ ਹੁਕਮ, ਹਰੀ ਕੀਰਤਨ ਰਾਹੀਂ ਵਾਹਿਗੁਰੂ ਦੀ ਸਲਾਹ ਗਾਉਣੀ ਦਸੀ। ਤਾਂਤੇ ਗੁਰੂ ਮਹਾਰਾਜ ਦੇ ਨਾਲ ਉਦਾਸੀਆਂ (Tours) ਸਮੇਂ ਭਾਈ ਮਰਦਾਨਾ ਰਿਹਾ। ਇਸਤਰਾਂ ਆਪ ਖ਼ੁਦ ਤੋਂ ਹੋਰਨਾਂ ਨੂੰ ਬਾਬਾ ਜੀ ਸਿਫਤ ਸਾਲਾਹ ਦੁਆਰਾ ਨਿਹਾਲ ਕਰਦੇ ਰਹੇ। ਇਸ ਲਈ ਕੀਰਤਨ ਅਤੇ ਭਗਵੰਤ ਦੀ ਪ੍ਰੀਤ ਸਿਖ ਧਰਮ ਦੇ ਮੁਢਲੇ ਸਿਧਾਂਤਾਂ ਵਿਚੋਂ ਹਨ।

(੨) ਸ੍ਰੀ ਰਾਮ ਜੀ, ਸ੍ਰੀ ਕ੍ਰਿਸ਼ਨ ਜੀ, ਸ੍ਰੀ ਈਸਾ ਜੀ, ਅਤੇ ਹਜ਼ਰਤ ਮੁਹੰਮਦ ਆਪੋ ਆਪਣੇ ਸਮੇਂ ਆਏ ਆਪਣੀ ਆਪਣੀ ਡਿਊਟੀ ਕਰਕੇ ਚਲੇ ਗਏ। ਉਹਨਾਂ ਦੇ ਪਿਛੇ ਕੇਵਲ ਉਹਨਾਂ ਦਾ ਨਾਮ ਬਾਕੀ ਰਿਹਾ। ਉਹਨਾਂ ਦੇ ਉਪਦੇਸ਼ਾਂ ਦਾ ਸਾਰ ਅੰਸ਼ ਕਿਸੇ ਹੋਰ ਨੇ ਕਲਮਬੰਦ ਕੀਤਾ ਤੇ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਪਰਉਪਕਾਰੀਆਂ ਦੇ ਰਿਣੀ ਹਨ! ਪਰ ਸ੍ਰੀ ਗੁਰੂ ਨਾਨਕ ਸਾਹਿਬ ਆਏ, ਉਹਨਾਂ ਦਾ ਕਲਾਮ ਜਿਉਂ ਕਾ ਤਿਉਂ (in original) ਸਾਡੇ ਪਾਸ ਮੌਜੂਦ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ! ਜਦੋਂ ਵੀ ਕਦੀ ਗੁਰੂ ਮਹਾਰਾਜ ਦਾ ਵਾਕ ਲਈਦਾ ਹੈ, ਇਹੋ ਹੀ ਖ਼ਿਆਲ ਆਉਂਦਾ ਹੈ ਇਸੇ ਸ਼ਬਦ ਨਾਲ ਸਚੇ ਪਾਤਸ਼ਾਹ ਨੇ ਪੰਚ ਭੂਤਕ ਸਰੀਰ ਰਾਹੀਂ, ਅਨੇਕਾਂ ਦਾ ਉਧਾਰ ਕੀਤਾ ਸੀ, ਸੁਮਾਰਗ ਪਾਇਆ ਸੀ, ਤੇ ਹਰਿ ਸਿਉਂ ਮਿਲਾਇ ਦਿਤਾ ਸੀ। ਇਹ ਉਹੀ ਸ਼ਬਦ ਨਾਲ ਭਰਪੂਰ ਬਾਣੀ ਹੈ ਜਿਸ ਸਿਧ ਮੰਡਲੀ ਜਿਤੀ ਸੀ, ਤਪਤ ਕੜਾਹਾ ਠੰਡਾ ਕਰ ਦਿਤਾ ਸੀ ਇਸੇ ਸ਼ਬਦ ਦਾ ਛਟਾ ਮਾਰਕੇ ਸੰਸਾਰ ਦੇ ਭਰਮ ਕਾ ਆਂਡਾ ਤੋੜਿਆ ਤੇ ਤ੍ਰਿਸ਼ਨਾ ਦੀ ਬਲਦੀ ਅਗ ਨੂੰ ਸ਼ਾਂਤ ਕੀਤਾ।

ਸਿਖ ਪੰਥ ਵਿਚ ਵਿਸ਼ੇਸ਼ ਕਰਕੇਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਹਨ। ਸ਼ਾਇਦ ਸਾਡੇ ਪ੍ਰਚਾਰ ਦੇ ਘਾਟੇ ਕਾਰਨ ਅਜੇ ਅਸੀਂ ਪਰਤਖ ਸਤਿਗੁਰੂ ਜੀ—ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਕੋਈ ਉਤਸ਼ਵ ਜਾਂ ਪੁਰਬ ਨਹੀਂ ਮਨਾਉਂਦੇ। ਸ਼ਾਇਦ ਅਸੀਂ ਅਜੇ ਸ਼ਬਦ-ਗੁਰੂ ਦੇ ਅਭਿਆਸੀ ਨਹੀਂ ਬਣੇ ਭਾਵੇਂ ਮਥਾ ਅਸੀਂ ਰੋਜ਼ਾਨਾ ਹੀ ਟੇਕਦੇ ਹਾਂ, ਪਰ ਪੁਰਬ ਅਜੇ ਅਸੀਂ ਦੇਹ-ਧਾਰੀ ਜਾਂਮਿਆਂ ਦੇ ਸਰੂਪ ਦੇ ਮਨਾਉਂਦੇ ਹਾਂ। ਸ਼ਬਦ-ਗੁਰੂ ਜੀ ਰਸਮੀਆਂ ਤੌਰ ਤੇ ਸਾਡੇ ਦੀਵਾਨਾਂ ਵਿਚ ਸੋਭਾਏਮਾਨ ਹੁੰਦੇ ਹਨ।

ਅਸੀਂ ਉਹਨਾਂ ਉਹਨਾਂ ਸਿਖ ਸੰਗਤਾਂ ਨੂੰ ਵਧਾਈ ਦਿੰਦੇ ਹਾਂ ਜਿਨਾਂ ਇਸ ਬਾਰੀਕ ਨੁਕਤੇ ਨੂੰ ਸਮਝਿਆ ਹੈ, ਤੇ ਹਮੇਸ਼ਾ ਦਸਾਂ ਗੁਰੂਆਂ ਦੀ ਜੋਤ, ਸ਼ਬਦ ਸਰੂਪ, ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਤਾਜ ਪੋਸ਼ੀ (ਉਤਸ਼ਵ) ਪੁਰਬ ਮਨਾਉਂਦੇ ਹਨ। ਸਾਡਾ ਇਹ ਵਿਚਾਰ ਹੈ ਕਿ ਸ਼ਬਦ-ਸਰੂਪ ਗੁਰੂਦੇਵ ਜੀ ਦਾ ਪੁਰਬ ਕਿਸੇ ਹੋਰ ਪੁਰਬਾਂ ਤੋਂ ਘਟ ਨਹੀਂ ਮਨਾਇਆ ਜਾਣਾ ਚਾਹੀਦਾ ਕਿਉਂਕਿ ਇਹ ਤਾਂ ਦਸਾਂ ਗੁਰੂਆਂ ਦੀ ਜੋਤ ਹੈ।


www.AKJ.Org

ਐਡੀਟਰ ਦੀ ਡਾਕ:—

## ਇਕ ਸਾਲਾਨਾ ਸਮਾਗਮ ਸਾਨੂੰ ਵੀ ਦੇਵੋ ?

# ਗਵਾਲੀਅਰ ਦੀ ਸੰਗਤ ਦੀ ਚਿੱਠੀ

ਅਖੰਡ ਕੀਰਤਨੀ ਜਥੇ, ਹਜ਼ੂਰ ਸਾਹਿਬ ਜਾਂਦੇ ਜਾਂਦੇ ਗਵਾਲੀਅਰ ਪੁਜੇ ਤਾਂ ਉਥੇ ਜੋ ਕੁਝ ਵਾਪਰਿਆ ਉਸਦਾ ਸੰਖੇਪ ਇਸ ਚਿਠੀ ਵਿਚ ਆ ਜਾਂਦਾ ਹੈ ਨਾਲ ਹੀ ਅਗਲੇ ਪਰੋਗਰਾਮ ਲਈ ਪ੍ਰਾਰਥਨਾ ਵੀ ਸ਼ਾਮਲ ਹੈ। (ਸੰਪਾਦਕ)

ਪਰਮ ਸਤਿਕਾਰ ਯੋਗ ਐਡੀਟਰ ਸਾਹਿਬ "ਸੂਰਾ" ਜੀਓ !

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇਹ।

ਸਤਿਗੁਰੂ ਜੀ ਦੀ ਅਪਾਰ ਕਿਰਪਾ ਦੁਆਰਾ, 29-9-67 ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਤਿ ਸੰਗੀ ਵੀਰ ਸ੍ਰੀ ਹਜ਼ੂਰ ਸਾਹਿਬ ਜਾਂਦੇ ਹੋਏ ਇਕ ਰਾਤ ਗਵਾਲੀਅਰ ਠਹਿਰੇ ਸਨ। ਇਹ ਸਾਡੀ ਚਿਰਾਂ ਦੀ ਉਮੰਗ ਪੂਰੀ ਹੋਈ ਹੈ। ਅਸਾਂ ਸ੍ਰੀ ਮਾਨ ਭਾਈ ਸਾਹਿਬ ਮਿਹਰ ਸਿੰਘ ਜੀ ਦਿੱਲੀ, ਭਾਈ ਸਾਹਿਬ ਮੱਖਣ ਸਿੰਘ ਜੀ ਨੰਗਲ, ਭਾਈ ਸਾਹਿਬ ਜੁਗਿੰਦਰ ਸਿੰਘ ਜੀ ਤਲਵਾੜਾ, ਭਾਈ ਸਾਹਿਬ ਹਰਚਰਨ ਸਿੰਘ ਜੀ ਚੰਡੀਗੜ੍ਹ ਤੇ ਭਾਈ ਸਾਹਿਬ ਸੁਰਜੀਤ ਸਿੰਘ ਜੀ ਪਟਿਆਲਾ ਨੂੰ ਕਈ ਚਿਠੀਆਂ ਭੇਜੀਆਂ, ਉਸ ਦਾ ਇਹ ਸਿੱਟਾ ਨਿਕਲਿਆ ਕਿ ਗੁਵਾਲੀਅਰ ਦੀ ਸਾਧ ਸੰਗਤ ਨੂੰ ਇਨ੍ਹਾਂ ਰਹਿਤ ਮਰਯਾਦਾ ਦੇ ਪੂਰੇ ਗੁਰਸਿਖਾਂ ਦੇ ਦਰਸ਼ਨ ਹੋਏ ਹਨ ਇਹ ਦੁਰਲਭ ਦਰਸ਼ਨ ਕਰਨ ਵਾਸਤੇ ਅਸਾਂ ਬੜੇ ਤਰਲੇ ਲਏ ਸਨ।

ਚੰਡੀਗੜ੍ਹ ਤੋਂ ਆਉਣ ਵਾਲੀਆਂ ਇਹ ਦੋ ਬੱਸਾਂ ਜਿਸ ਰਾਤ ਏਥੇ ਠਹਿਰੀਆਂ ਸਨ' ਉਸ ਰਾਤ ਇਹ ਗੁਰਮੁਖ ਦਰਸ਼ਨ ਕਰਨ ਦੀ ਖੁਸ਼ੀ ਵਿਚ ਰੈਣ ਸਬਾਈ ਕੀਰਤਨ ਰਖਿਆ ਗਿਆ ਸੀ ਹਾਲਾਂਕਿ ਅਗਲੇ ਦਿਨ ਫਿਰ ਆਪਣੇ ਨਿਤ ਦੇ ਪਰੋਗਰਾਮ ਅਨੁਸਾਰ ਹਫਤੇਵਾਰੀ ਰੈਣ ਸਬਾਈ ਕੀਰਤਨ ਕਰਨਾ ਸੀ। ਜਦੋਂ ਇਹ ਬਸਾਂ ਗੁਰਦੁਵਾਰਾ ਫੂਲ ਬਾਗ ਗਵਾਲੀਅਰ ਪਹੁੰਚੀਆਂ ਅਗੋਂ ਕੀਰਤਨ ਹੋ ਰਿਹਾ ਸੀ। ਤੇ ਸਾਰੀ ਰਾਤ ਗਵਾਲੀਅਰ ਦੀ ਸਾਧ ਸੰਗਤ ਇਨ੍ਹਾਂ ਗੁਰੂ ਸਵਾਰੇ ਭੈਣਾਂ ਭਰਾਵਾਂ ਦੀ ਸੇਵਾ ਵਿਚ ਹਾਜ਼ਰ ਰਹੀ। ਭਾਈ ਜੁਗਿੰਦਰ ਸਿੰਘ ਜੀ ਤਲਵਾੜਾ, ਚਾਨੀ ਜੀ, ਤੇ ਹੋਰ ਗੁਰ ਸਿੱਖਾਂ ਨੇ ਵੀ ਕੀਰਤਨ ਸੁਣਾ ਕੇ ਨਿਹਾਲ ਕੀਤਾ।


www.AKJ.Org

ਗਵਾਲੀਅਰ ਦੇ ਰੈਣ-ਸਬਾਈ-ਕੀਰਤਨੀ ਜੱਥੇ ਦੇ ਸੰਚਾਲਕ ਉਸ ਦਿਨ ਖਾਸ ਤੌਰ ਤੇ ਗੁਰਸਿਖੀ ਰੰਗ ਵਿਚ ਰੰਗੇ ਹੋਏ ਸਨ। ਬੜੇ ਉਤਸ਼ਾਹ ਨਾਲ ਕੀਰਤਨ ਕਰ ਰਹੇ ਸਨ। ਕੋਈ ਕੀਰਤਨ ਕਰਦਾ ਹਟਣਾ ਨਹੀਂ ਸੀ ਚੌਂਹਦਾ। ਕਿਸੇ ਨੇ ਉਸ ਰਾਤ ਪਰਸ਼ਾਦਾ ਨਹੀਂ ਛਕਿਆ। "ਅਜ ਅੰਮ੍ਰਿਤ ਹੀ ਛਕਣਾ ਹੈ।" ਕਿਸੇ ਨੇ ਪਿਆਰ ਨਾਲ ਉਲ੍ਹਾਮਾ ਦਿੱਤਾ। ਤੁਸੀਂ ਰੈਣ ਸਬਾਈ ਪਰੋਗਰਾਮ ਬਾਰੇ ਤਾਂ ਜ਼ਰੂਰ ਖਬਰ ਕਰਦੇ ਹੋ, ਅੰਮ੍ਰਿਤ ਸੰਚਾਰ ਦੇ ਬਾਰੇ ਕਿਉਂ ਨਹੀਂ ਦਸਿਆ। ਧੰਨ ਹਨ! ਗਰੀਬ ਨਵਾਜ, ਗੁਰੂ ਕਲਗੀਧਰ ਪਿਤਾ, ਜਿਨ੍ਹਾਂ ਇਹ ਸੁਭਾਗੇ ਦਰਸ਼ਨ ਕਰਾਏ ਹਨ।

ਹੁਣ ਉਨਾਂ ਹੀ ਨਵੀਨ ਅੰਮ੍ਰਿਤਧਾਰੀ ਵੀਰਾਂ ਵਿਚੋਂ ਹੇਠ ਲਿਖੇ ਪੰਜ ਗੁਰਮੁਖ ਸੱਜਣ ਸਮੂੰਹ ਅਖੰਡ ਕੀਰਤਨੀ ਜਥਿਆਂ ਦੀ ਸੇਵਾ ਵਿਚ ਦੋਏ ਕਰ ਜੋੜ ਬੇਨਤੀ ਕਰਦੇ ਹਨ ਕਿ ਗਵਾਲੀਅਰ ਦੀ ਸੰਗਤ ਨੂੰ ਵੀ ਸਾਲਾਨਾ ਸਮਾਗਮ ਰਚਨ ਦਾ ਅਵਸਰ ਦਿਤਾ ਜਾਏ। ਏਨਾਂ ਜਥਿਆਂ ਦੇ ਮੋਢੀ ਵੀਰ ਸਾਲ ਵਿਚ ਜਿਹੜੇ ਦਿਨ ਵੀ ਮਿਥ ਲੈਣ ਅਸੀਂ ਸਿਰ ਮਥੇ ਸਵੀਕਾਰ ਕਰਾਂਗੇ। ਅਸਾਂ ਜਥੇ ਨਾਲ ਆਏ ਪੰਜਾਂ ਪਿਆਰਿਆਂ ਤੇ ਭਾਈ ਸਾਹਿਬ ਜੁਗਿੰਦਰ ਸਿੰਘ ਜੀ ਤਲਵਾੜਾ ਦੇ ਚਰਨਾਂ ਵਿਚ ਵੀ ਬੇਨਤੀ ਕੀਤੀ ਹੋਈ ਹੈ। ਸੋ ਪੂਰਨ ਆਸ ਹੈ ਕਿ ਸਾਡੇ ਮੈਗਜ਼ੀਨ "ਸੂਰਾ" ਰਾਹੀਂ ਕੀਤੀ ਗਈ ਇਹ ਅਪੀਲ ਜ਼ਰੂਰ ਮਨਜ਼ੂਰ ਹੋਵੇਗੀ' ਤੇ ਸਾਨੂੰ ਸਾਲ ਵਿਚ ਤਿੰਨ ਚਾਰ ਦਿਨ ਕੀਰਤਨ ਦੇ ਖੁਲੇ ਭੰਡਾਰ ਲੈਣ ਦਾ ਤੇ ਅੰਮ੍ਰਿਤ ਪਰਚਾਰ ਦੇ ਆਨੰਦ ਮਾਨਣ ਦਾ ਸਮਾਂ ਦਿੱਤਾ ਜਾਏਗਾ।

ਹੁਣ ਜਦੋਂ ਵੀ ਮੁੜਕੇ ਅਖੰਡ ਕੀਰਤਨ ਜਥਿਆਂ ਦੇ ਦਰਸ਼ਨ ਹੋਏ, ਘਟੋ ਘਟ ਪੰਜਾਹ ਹੋਰ ਭੈਣ ਭਰਾ ਅੰਮ੍ਰਿਤ ਛਕਣਗੇ।

ਦਸਖਤ:—(1) ਭਾਈ (ਡਾਕਟਰ) ਦਵਿੰਦਰ ਸਿੰਘ
(2) ਭਾਈ ਹਰਵਿੰਦਰ ਸਿੰਘ
(3) ਭਾਈ ਪਰਮਜੀਤ ਸਿੰਘ
(4) ਭਾਈ ਤਰਨਤੇਜ ਸਿੰਘ
(5) ਭਾਈ ਸੁਖਦੇਵ ਸਿੰਘ

ਇਨ੍ਹਾਂ ਪੰਜ ਵੀਰਾਂ ਨੇ ਸਾਧ ਸੰਗਤ ਗਵਾਲੀਅਰ ਵਲੋਂ ਬੇਨਤੀ ਕੀਤੀ ਹੈ ਤੇ ਸਮੇਂ ਦਾ ਬੰਧਨ ਨਹੀਂ ਪਾਇਆ। ਜਿਹੜਾ ਸਮਾਂ ਵੀ ਚੰਡੀਗੜ੍ਹ, ਪਟਿਆਲਾ, ਨੰਗਲ, ਦਿਲੀ, ਤਲਵਾੜਾ, ਆਗਰਾ ਜੈਪੁਰ, ਬੰਬਈ, ਕਾਨਪੁਰ, ਮਥਰਾ ਤੇ ਹੋਰ ਥਾਵਾਂ ਦੇ ਸਿੰਘਾਂ ਨੂੰ ਠੀਕ ਜਾਪਦਾ ਹੋਵੇ ਉਹੀ ਸਾਡੇ ਲਈ ਠੀਕ ਹੈ। ਆਪ ਜੀ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਧੰਨ ਭਾਗੀ ਸਮਝਾਂਗੇ।

ਦਾਸ:—ਕੁੰਦਨ ਸਿੰਘ ਸੀ. ਪੀ. ਡਬਲੀਊ ਡੀ. ਗਵਾਲੀਅਰ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ

(ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਮਰ ਅਗਿ-ਆਨ (ਭਰਮ ਅੰਧੇਰ) ਦੇ ਹੜ੍ਹ ਵਿੱਚ ਰੁੜ੍ਹੇ ਜਾ ਰਹੇ ਸੰਸਾਰ ਨੂੰ ਉਬਾਰਨ ਲਈ ਕਲੀ ਕਾਲ ਅੰਦਰ ਆ ਕੇ ਅਵਤਾਰ ਧਾਰਿਆ। ਇਸ ਧੁੰਧ ਰੋਗ ਨੂੰ ਦੂਰ ਕਰਨ ਲਈ ਇਜੇਹਾ ਅਧਿਭੁਤ ਅੰਜਨ ਅਮਰ ਕਲਾ ਦੁਆਰਾ ਰੋਗੀ ਸੰਸਾਰੀਆਂ ਪ੍ਰਤਿ ਨਿਛਾਵਰ ਕੀਤਾ ਕਿ ਇਸ ਔਖਧ ਸੰਪੰਨ ਅਮਰ ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕੱਟ ਦਿੱਤੇ। ਕੈਸੀ ਅਚਰਜ ਔਖਧੀ ਹੈ ਤੇ ਕੈਸਾ ਅਦੁਤੀ ਅੰਜਨ (ਸੁਰਮਾ) ਹੈ ਕਿ ਜਿਸ ਨੂੰ ਗੁਰੂ ਨਾਨਕ ਦੇਵ ਰੂਪੀ, ਗੁਰੂ ਸਰੂਪ ਸੋਮੇ ਤੋਂ ਨਿਕਲੀ ਗੁਰਬਾਣੀ ਇਸ ਤਰ੍ਹਾਂ ਨਿਰੂਪਨ ਹੈ। ਯਥਾ:— "ਨਾਮ ਅੰਜਨ ਗਿਆਨ ਬਿੰਜਨ" ਬੱਸ ਇਸ ਅਲੌਕਿਕ ਅੰਜਨ, ਇਹ ਅਧਿਭੁਤ ਔਖਧੀ (ਦਾਰੂ) ਨਾਮ ਹੈ। ਜਿਸ ਅਮਰ ਪਦਾਰਥ ਦੇ ਭੁੰਚਿਆਂ ਤੇ ਰੋਗੀ ਦੇ ਰਿਦੇ ਅੰਦਰ ਪ੍ਰਵੇਸ਼ ਹੋਣ ਕਰਕੇ ਅਗਿਆਨ ਅੰਧੇਰ ਬਿਨਾਸ਼ ਹੋ ਜਾਂਦਾ ਹੈ ਤੇ ਕਰੋੜਾਂ ਸੂਰਜਾਂ ਦੇ ਉਜਿਆਰਿਆਂ ਸਮਾਨ ਦਿੱਬ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ ਯਥਾ ਗੁਰਵਾਕ:-

"ਨਾਮ ਜਪਤ ਕੋਟਿ ਸੂਰ ਉਜਾਰਾ
ਬਿਨਸੈ ਭਰਮੁ ਅੰਧੇਰਾ"

ਜਦ ਤਕ ਜੋਤ ਦਾ ਪ੍ਰਕਾਸ਼ ਜਾਗਿਆ ਸੂਆਂ ਦੇ ਹਿਰਦੇ ਅੰਦਰ ਨਹੀਂ ਹੁੰਦਾ ਤਦ ਤਕ ਘੋਰ ਅੰਨ੍ਹੇਰਾ ਹੀ ਅੰਨ੍ਹੇਰਾ ਹੈ। ਐਵੇਂ ਗੱਲਾਂ ਬਾਤਾਂ ਦੁਆਰਾ ਇਹ ਜੋਤ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਇਹ ਤਾਂ ਕੇਵਲ 'ਨਾਮ' ਦੁਆਰਾ ਹੀ ਹੋ ਸਕਦਾ ਹੈ। ਨਾਮ ਸਿਮਰਨ ਨਾਲ ਹੀ ਦਿੱਬ ਜੋਤ ਦੀ ਲਖਤਾ ਦੇ ਪ੍ਰਕਾਸ਼ ਹੁੰਦਾ ਹੈ। ਇਹ ਅਵਸਥਾ ਕੇਵਲ ਫ਼ਿਲਾਸਫ਼ਰਾਂ ਵਾਲੀਆਂ ਖ਼ਿਆਲੀ ਉਡਾ-ਰੀਆਂ ਅਨੁਮਾਨਾਂ ਨਾਲ ਪ੍ਰਾਪਤ ਨਹੀਂ ਹੋ ਸਕਦੀ। ਨਾਮ ਦੀ ਸ਼ਰਧਾ ਭਾਵਨੀ ਵਾਲੀ ਨਿਸ਼ਕਾਮ ਕਮਾਈ ਦੁਵਾਰਾ ਹੀ ਅਕਾਲੀ ਜੋਤ ਦੇ ਪ੍ਰਤੱਖ ਦਰਸ਼ਨ ਹੁਦੇ ਹਨ।

ਇਹ ਨਾਮ ਦਾ ਫੁਹਾਰਾ ਕਿੱਥੋਂ ਫੁੱਟਿਆ ? ਜਦੋਂ ਸਤਿਗੁਰੂ ਨਾਨਕ ਦੇਵ ਜੀ ਰੂਪੀ ਸੱਚੇ ਸੋਮੇ ਤੋਂ, ਜਿਨ੍ਹਾਂ ਦੇ ਅਵਤਾਰ ਦਿਹਾੜੇ ਦਾ ਗੁਰਪੁਰਬ ਮਨਾਇਆ ਜਾਂਦਾ ਹੈ। ਗੁਰਪੁਰਬ ਮਨਾਵਣਾ ਕੇਵਲ ਉਸ ਸ਼ੁਭ ਦਿਹਾੜੇ ਦੀ ਯਾਦਗਾਰ ਹੈ; ਕਿਉਂਕਿ ਇਹ ਸੱਚ ਦੇ ਪ੍ਰਕਾਸ਼ ਦਾ ਦਿਹਾੜਾ ਹੈ,ਸੱਚੇ ਗਿਆਨ ਦੇ ਪ੍ਰਕਾਸ਼ ਦਾ ਸੁਭਾਗ ਦਿਹਾੜਾ ਹੈ; ਕਿਉਂਕਿ ਇਸ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਨਾਮ ਰੂਪੀ ਔਖਧੀ


www.AKJ.Org

ਲੈ ਕੇ ਸੰਸਾਹ ਨੂੰ ਅਰੋਗ ਕਰਨ ਲਈ ਪਰਗਟ ਹੋਏ ਗੁਰੂ ਰੂਪ ਸੂਰਜ ਬਿਨਾਂ ਸੰਸਾਰ ਉਪਰ ਧੁੰਧ ਗੁਬਾਰ ਹੀ ਸੀ। ਜੈਸਾ ਕਿ ਗੁਰਵਾਕ ਹੈ:—

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥"

ਏਸੇ ਲਈ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਗਟ ਹੋਣ ਪਰ ਹੀ ਦੁਨੀਆਂ ਵਿੱਚ ਅੰਤਰ ਆਤਮੇ ਗਿਆਨ ਪ੍ਰਕਾਸ਼ਨ ਹਾਰਾ ਚਾਨਣ ਹੋਇਆ:—

"ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ"

ਇਜੇਹੇ ਸੱਚੇ ਸਤਿਗੁਰੂ ਦੀ ਯਾਦ ਵਿੱਚ ਗੁਰਪੁਰਬ ਕਿਉਂ ਨਾ ਮਨਾਏ ਜਾਣ ? ਪਰ ਵਿਚਾਰਨਾ ਚਾਹੀਦਾ ਹੈ ਕਿ ਗੁਰਪੁਰਬ ਮਨਾਉਣ ਦਾ ਮਨੋਰਥ ਕੀ ਹੈ ? ਕੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਉਣਾ ਹੋਰ ਚੁਰਾਸੀਏ ਜੀਵਾਂ ਯਾ ਹੋਰ ਅਵਤਾਰਾਂ ਆਦ ਵਾਂਗ ਸੀ ? ਨਹੀਂ, ਹਰਗਿਜ਼ ਨਹੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਦਾ ਪ੍ਰਯੋਜਨ ਤੇ ਵਿਲੱਖਣਤਾ ਇਹ ਗੁਰਵਾਕ ਪ੍ਰਗਟ ਕਰਦਾ ਹੈ:—

"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ। ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥"

ਸ੍ਰੀ ਗੁਰੂ ਨਾਨਕ ਦੇਵ ਜੀ ਜੀਅ ਦਾਨ ਦੇ ਕੇ ਭਗਤੀ ਵਿੱਚ ਜੀਵਾਂ ਨੂੰ ਲਾਉਣ ਦੇ ਪ੍ਰਯੋਜਨ ਨੂੰ ਲੈਕੇ ਸੰਸਾਰ ਵਿਚ ਪਰਗਟ ਹੋਏ। ਨਾਮ ਧਨ ਦਾ ਦਾਨ ਆਪ ਨੇ ਸੰਸਾਰ ਨੂੰ ਦਿੱਤਾ, ਜੋ ਸਦਾ ਨਾਲ ਨਿਭਣ ਵਾਲਾ ਹੈ।

ਯਥਾ:-

"ਇਹੁ ਹਰਿ ਧਨ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ।"

ਸਾਨੂੰ ਚਾਹੀਦਾ ਹੈ ਕਿ ਗੁਰਪੁਰਬ ਵਾਲੇ ਦਿਨ ਪ੍ਰੇਮਾ ਭਗਤੀ ਵਿੱਚ ਲੀਨ ਹੋਈਏ ਤਾਕਿ ਹਰਿ ਪ੍ਰੀਤਮ ਦੇ ਮਿਲਾਪ ਪਰਮ ਪਦ ਦੀ ਪ੍ਰਪਾਤੀ ਹੋਵੇ। ਭਾਉ ਭਗਤੀ ਸਾਹਿਤ ਗੁਰ ਸਿਖਾਂ ਦਾ ਗੁਰਪੁਰਬ ਮਨਾਉਣਾ ਲੇਖੇ ਪੈਂਦਾ ਹੈ। ਜੈਸਾ ਕਿ ਇਸ ਤਰ੍ਹਾਂ ਗੁਰਪੁਰਬ ਮਨਾਵਣ ਹਾਰਿਆਂ ਦੀ ਮਹਿਮਾ ਭਾਈ ਗੁਰਦਾਸ ਜੀ ਦਸਦੇ ਹਨ:—

"ਕੁਰਬਾਣੀ ਤਿਨ੍ਹਾ ਗੁਰਸਿੱਖਾ ਭਾਇ ਭਗਤਿ ਗੁਰਪੁਰਬ ਕਰੰਦੇ।"

ਬੱਸ ਭਾਉ ਭਗਤੀ ਦੇ ਰੰਗ ਵਿੱਚ ਮਨਾਇਆ ਗੁਰਪੁਰਬ ਹੀ ਪ੍ਰਵਾਣ ਪੈਂਦਾ ਹੈ। ਜੇ ਇਸ ਤਰ੍ਹਾਂ ਗੁਰਪੁਰਬ ਮਨਾਏ ਜਾਣ ਤਾਂ ਗੁਰੂ ਸਾਹਿਬ ਦੇ ਐਨ ਉਸੇ ਵਕਤ ਓਥੇ ਜੋਤਿ ਸਰੂਪੀ ਪ੍ਰਤੱਖ ਦਰਸ਼ਨ ਹੋਣ ਵਿੱਚ ਰੰਚਕ ਸੰਦੇਹ ਨਹੀਂ। ਪਰ ਇਸ ਤਰ੍ਹਾਂ ਦਾ ਤੀਬਰ ਪ੍ਰੇਮ ਤੇ ਗੁਰੂ ਦਰਸ਼ਨ ਦੀ ਪ੍ਰਤੀਤ ਵਿਰਲੇ ਗੁਰਸਿੱਖਾਂ ਨੂੰ ਹੀ ਹੁੰਦੀ ਹੈ ਉਨ੍ਹਾਂ ਦਾ ਹੀ ਭਾਉ ਭਗਤੀ ਕਰਨਾ ਤੇ ਗੁਰੂ ਜਸ ਗਾਵਣਾ ਥਾਉਂ ਪੈਂਦਾ ਹੈ। ਯਥਾ ਗੁਰਵਾਕ:—

"ਜਿਸ ਨੋ ਪ੍ਰਤੀਤਿ ਹੋਵੈ ਤਿਸਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥ ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨਕਾ ਉਤਰਿ ਜਾਇਗਾ ਝੂਠ ਗੁਮਾਨੁ ॥"





www.AKJ.Org

# ਗੁਰੂ ਨਾਨਕ ਸਾਹਿਬ ਦਾ ਪ੍ਰਚਾਰ ਢੰਗ

( ਭਾਈ ਗੁਰਮੁਖ ਸਿੰਘ ਜੀ M. A. B.Ed. ਪਟਿਆਲਾ )

ਗੁਰੂ ਬਾਬੇ ਬਾਰੇ ਹੁਣ ਤਕ ਦੇ ਲਿਖੇ ਗਏ ਇਤਿਹਾਸ ਤੇ ਮਿਥਿਹਾਸ (mythology) ਨੂੰ ਪੜਚੋਲਨ ਪਰ ਕੁਝ ਕੁ ਚੀਜ਼ਾਂ ਸਾਡੇ ਸਾਮਣੇ ਆਂਉਦੀਆਂ ਹਨ, ਜੋ ਸ੍ਰੀ ਗੁਰੂ ਜੀ ਦੇ ਪ੍ਰਚਾਰ ਦਾ ਮੁਖ ਅੰਗ ਸਨ। ਜਿਨਾਂ ਦਾ ਹੇਠਾਂ ਵਰਨਣ ਕੀਤਾ ਜਾਂਦਾ ਹੈ।

**੧ ਅਦਭੁਤਤਾ:--** ਗੁਰੂ ਮਹਾਰਾਜ ਨੂੰ (Sudden surprise) ਅਜੀਬ ਅਜੀਬ ਗਲਾਂ ਕਹਿਕੇ ਜਾਂ ਪੁਛਕੇ ਅਚੰਭਤ ਕਰਨ ਦਾ ਬੜਾ ਸ਼ੌਕ ਸੀ। 'ਨਾਨਕ ਨ ਹਿੰਦੂ ਨ ਮੁਸਲਮਾਨ' ਦਾ ਨਾਹਰਾ ਇਕ ਮਿਸਾਲ ਹੈ। ਆਮ ਜਨਤਾ ਦੋ ਕੌਮਾਂ ਵਿੱਚ ਵੰਡੀ ਹੋਈ ਸੀ, ਪਰ ਗੁਰੂ ਜੀ ਦਾ ਇਹ ਕਹਿਣਾ ਕਿ ਨਾ ਹਮ ਹਿੰਦੂ ਨ ਮੁਸਲਮਾਨ ਉਸ ਜ਼ਮਾਨੇ ਵਿੱਚ ਬੜੀ ਅਜੀਬ ਗਲ ਸੀ ਇਸ ਤਰ੍ਹਾਂ ਕਰਨ ਦਾ ਪ੍ਰਯੋਜਨ ਸ਼ਾਇਦ ਇਹ ਹੋਵੇ ਕਿ ਜਨਤਾ, ਜੋ ਪੁਰਾਣੀ ਆਂ ਲੀਹਾਂ ਤੋਂ ਅੱਕ (bore) ਗਈ ਹੋਈ ਸੀ ਨਵੀਨ ਚੀਜ਼ ਵਲ ਛੇਤੀ ਖਿਚੀ ਜਾਏ। ਇਹ ਇਕ ਮਨੋ ਵਿਗਿਆਨਕ ਢੰਗ ਸੀ। ਹਰਦੁਆਰ ਗੰਗਾ ਇਸ਼ਨਾਨ ਸਮੇਂ ਆਪ ਦਾ ਪਛਮ ਨੂੰ ਪਾਣੀ ਦੇਣ ਦੀ ਘਟ੍ਨਾਂ ਜਿਥੇ ਸਾਧਾਰਨ ਬੁਧੀ(Common-sense) ਨੂੰ ਟੁਬੰਦੀ ਹੈ, ਉਥੇ ਇਹ ਕੰਮ ਆਪਣੇ ਆਪ ਵਿੱਚ ਅਨੋਖਾ ਸੀ ਤੇ ਵਿਰੋਧੀ ਧੜੇ ਨੂੰ ਉਕਸਾਂਉਦਾ ਸੀ ਕਿ ਆ ਕੇ ਗੁਰੂ ਬਾਬੇ ਨੂੰ ਪੁਛੇ ਜਾਂ ਬਹਿਸ ਕਰੇ। ਮਕਸਦ ਤਾਂ ਸਚਾਈ ਨੂੰ ਦਸਣ ਦਾ ਸੀ। ਜਾਂ ਤਾਂ ਸ੍ਰੀ ਜੀਉ ਕਿਸੇ ਪਲੇਟਫਾਰਮ ਤੇ ਖੜੇ ਹੋ ਜਾਂਦੇ ਤੇ ਭਾਸ਼ਣ ਦਿੰਦੇ, ਪਰ ਨਹੀਂ ਇਹ ਤਰੀਕਾ ਆਮ ਸੀ। ਹੁਣ ਵੀ ਆਮ ਹੈ, ਇਸ ਤਰੀਕੇ ਦਾ ਅਸਰ ਘਟ ਹੈ। ਮੱਕੇ ਜਾ ਕੇ ਲੈਕਚਰ ਨਹੀਂ ਦਿਤਾ ਮੱਕੇ ਵਲ ਪੈਰ ਕਰਨਾ ਹੀ, ਹੋਰਨਾਂ ਨੂੰ ਲੈਕਚਰ ਸੁਣਨ ਦਾ ਸਦਾ ਦੇਣਾ ਸੀ।

ਬਗ਼ਦਾਦ ਦੇ ਲੋਕੀਂ ਸ਼ਾਇਦ ਹੀ ਇਸ ਹਿੰਦੁਸਤਾਨੀ ਮੁਸ਼ਕੇ ਫਕੀਰ ਦੀ ਕੋਈ ਗਲ ਸੁਣਦੇ,ਪਰ ਗੁਰੂ ਬਾਬੇ ਨੇ ਕੀਰਤਨ ਦੀ ਧੁੰਨੀ ਲਾਈ। ਰਾਗ ਉਹਨਾਂ ਲੋਕਾਂ ਵਿੱਚ ਸ਼ਰਾ ਦੇ ਉਲਟ ਕਰਮ ਹੈ। ਉਥੇ ਉਸ ਦੇਸ਼ ਵਿੱਚ ਜੋ ਫਕੀਰ ਰਾਗਾਂ ਵਿੱਚ ਕੀਰਤਨ ਕਰਦਾ ਹੈ, ਮੌਤ ਨੂੰ ਸਦਾ ਦਿੰਦਾ ਹੈ।

ਲੋਕੀ ਆਏ, ਹਾਂ ਜੀ ਬਗਦਾਦ ਦਾ ਸਾਰਾ ਸ਼ਹਿਰ ਆਇਆ, ਹਰ ਇਕ ਕੋਲ ਸ੍ਰੀ ਜੀਉ ਦੇ ਸੁਆਗਤ ਲਈ ਇਕ ਇਕ ਪਥੱਰ ਹੈ, ਪੀਰ ਦਸਤਗੀਰ ਅਗੇ ਅਗੇ ਹੈ। ਬੜੀ ਖਲਕਤ ਆਈ ਸਤਿਗੁਰਾਂ ਨੂੰ ਪਥਰਾਂ ਨਾਲ ਮਾਰ ਮੁਕਾਉਣ ਲਈ। ਗੁਰੂ ਜੀ ਨੇ ਉਠ ਕੇ ਬਾਂਗ ਦਿਤੀ "ਸਤਿਕਰਤਾਰ" "ਸਤਿਕਰਤਾਰ"! "ਸਤਿਕਰਤਾਰ"! ਨਗਰੀ



www.AKJ.Org

ਸੁੰਨ ਮੁੰਨ ਹੋ ਗਈ। ਫਿਰ ਲੋਕਾਂ ਨੇ ਵੀ, ਤੇ ਪਹਿਲੇ ਪੀਰ ਨੇ ਗੁਰੂ ਬਾਬਾ ਨੂੰ ਸੁਣਿਆਂ। ਪਾਤਾਲ ਸਤ ਨਹੀਂ, ਲਖ ਹਨ। ਰਾਗ ਮਾੜਾ ਨਹੀਂ ਇਸ ਦਾ ਇਸਤਿਮਾਲ ਠੀਕ ਤਰਾਂ ਕਰੋ ਤਾਂ ਸੁਰਤ ਨੂੰ ਜੋੜਦਾ ਹੈ।

ਹੋਰ ਬੇਅੰਤ ਮਿਸਾਲਾਂ ਐਸੀਆਂ ਮਿਲਦੀਆਂ ਹਨ, ਜਿਨਾਂ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਬਾਬਾ ਜੀ ਨੂੰ (unusual) ਅਸਾਧਾਰਨ, ਅਚੰਭੇ ਵਾਲੀ ਗਲ ਕਰਨ ਦਾ ਕਿਡਾ ਸੋਹਣਾ ਢੰਗ ਸੀ ਤੇ ਕਿਤਨੀ ਦਲੇਰੀ ਨਾਲ ਆਪ ਉਤਪਨ ਹੋਈ ਗੰਭੀਰ ਹਾਲਤ ਨੂੰ ਵੀ ਕਾਬੂ ਕਰ ਲੈਂਦੇ ਸਨ।

ਜਿਥੇ ਆਪ ਗਲਾਂ ਅਦਭੁਤ ਕਰਦੇ ਸਨ ਉਥੇ ਆਪ ਦਾ ਪਹਿਰਾਵਾ ਭੀ, ਜਿਵੇਂ ਇਤਿਹਾਸ ਕਾਰਾਂ ਨੇ ਵਰਨਣ ਕੀਤਾ ਹੈ, ਬਹੁਤ ਹੀ (Uncommon) ਅਸਾਧਾਰਨ ਹੁੰਦਾ ਹੈ। ਆਮ ਸਾਧੂਆਂ ਦੇ ਜਾਂ ਤਾਂ ਗੇਰੂਏ ਕਪੜੇ ਪਾਏ ਹੁੰਦੇ ਸਨ (ਹਿੰਦੂਆਂਦੇ) ਜਾਂ ਮੁਸਲਮਾਨਾਂ ਦੇ ਪੀਰਾਂ ਨੇ ਹਰੇ ਜਾਂ ਨੀਲੇ ਚੋਲੇ ਪਰ ਸਤਿਗੁਰਾਂ ਨੇ ਨਾ ਗੇਰੂਏ ਤੇ ਨਾ ਨੀਲੇ ਜਾਂ ਹਰੇ ਵਸਤਰ ਪਾਏ। ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਚਮਤਕਾਰ ਵਿੱਚ ਲਿਖਿਆ ਹੈ ਕਿ ਗੁਰੂ ਬਾਬਾ ਜੀ ਦਾ ਲਿਬਾਸ ਇਕ ਉਦਾਸੀ ਵੇਲੇ ਇਹ ਸੀ,— ਇਕ ਚੋਲਾ ਜੋ ਅਧਾ ਹਰਾ ਤੇ ਅਧਾ ਚਿਟਾ ਸੀ ਹਥ ਮੁਸੱਲਾ, ਕਛ ਕਿਤਾਬ ਤੇ ਪੈਰੀ ਖੜਾਵਾਂ ਸਨ। ਜੇ ਇਹ ਤਥ ਠੀਕ ਮੰਨ ਲਏ ਜਾਣ ਤਾਂ ਅਨਮਾਨ ਹੈ ਕਿ ਜਦੋਂ ਗੁਰੂ ਬਾਬਾ ਜੀ "ਧਰਤ ਲੋਕਾਈ" ਸੋਧਣ ਚਲੇ ਹੋਣ-ਗੇ ਤਾਂ ਅਵਸ਼ ਕਿਸੇ ਨੇ ਜ਼ਰੂਰ ਕਿਹਾ ਹੋਣਾ ਹੈ "ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥"
ਕੋਈ ਆਖੈ ਆਦਮੀ ਨਾਨਕੁ ਵੇਚਾਰਾ

ਪ੍ਰਸ਼ਨ ਉਠਦਾ ਹੈ ਸ੍ਰੀ ਜੀਉ ਦੇ ਇਸ ਪ੍ਰਕਾਰ ਪਹਿਰਾਵੇ ਦਾ ਕੀ ਪਰਯੋਜਨ ਸੀ ? ਸ਼ਾਇਦ ਇਹੋ ਭਾਵ ਹੋਵੇ ਕਿ ਲੋਕੀ ਦੇਖ ਦੇਖ ਕੇ ਇਹੋ ਪੁਛਣ "ਇਹ ਕੌਣ ਹੈ ਬਾਬਾ ਜੀ ਨੂੰ ਖੜਾ ਕਰਕੇ ਪੁਛੇ "ਤੁਮ ਕੋਉਨ ਫਕੀਰ ਹੋ ?" "ਤੁਮਾਰਾ ਕੌਨਸਾ ਘਰਾਨਾ ਹੈ" ? ਸ੍ਰੀ ਜੀਉ ਤਾਂ ਆਗੇ ਹੀ ਚਾਹੁੰਦੇ ਸਨ ਕੋਈ ਆ ਕੇ ਪੁਛੇ, ਕੋਈ ਪ੍ਰੀਤਮ ਦੀ ਗਲ ਛੇੜੇ ਤੇ ਹਰਿ ਕੀਆਂ ਕਥਾ ਕਹਾਣੀਆਂ ਸੁਣਾਈਏ ਮੇਰਾ ਇਹ ਵਿਸ਼ਵਾਸ ਹੈ ਕਿ ਇਸ ਕਿਸਮ ਦੀ (ਪਹਿਰਾਵੇ ਦੀ) ਵਿਲਖਣਤਾ ਆਪ ਨੇ ਆਪਣੇ ਪੰਥ ਨੂੰ ਵਿਰਸੇ ਵਿੱਚ ਦੇ ਦਿਤੀ। ਗੁਰੂ ਨਾਨਕ ਦਾ ਹਰ ਇਕ ਸਿਖ ਅਜ ਵੀ ਆਪਣੇ ਗੁਰੂ ਵਾਂਗ "ਨਿਆਰਾ" ਹੈ, ਤੇ ਜੇ ਨਿਆਰਾ ਬਣ ਕੇ ਰਹੇਗਾ ਤਾਂ ਦਸਵੇਂ ਜਾਮੇਂ ਵਿੱਚ ਸਤਿਗੁਰਾਂ ਨੇ ਵਚਨ ਦਿਤਾ ਕਿ ਮੈਂ ਆਪਣਾ ਆਤਮ ਤੇ ਨਿਆਰੇ ਰਹਿਣ ਲਈ ਦਿਆਂਗਾ। ਅਜ ਜੋ ਸਿਖ ਵਿਦੇਸ਼ਾਂ ਵਿੱਚ ਹਨ ਉਹਨਾਂ ਦਾ ਨਿਆਰਾ ਰੂਪ ਦੇਖਕੇ ਉਥੋਂ ਦੇ ਲੋਕਾਂ ਨੂੰ ਆਪ ਮੁਹਾਰੇ ਪੁਛਨ ਨੂੰ ਜੀ ਕਰਦਾ ਹੈ, 'ਤੁਸੀਂ ਕਉਨ ਹੋ' 'ਤੁਸੀਂ ਕਿਸ ਨੂੰ ਮੰਨਦੇ ਹੋ ? ਇਸ ਤਰਾਂ ਗੁਰੂ ਨਾਨਕ ਦਾ ਹਰ ਇਕ ਸਿਖ ਸਚੇ ਪ੍ਰੀਤਮ ਦਾ ਪ੍ਰਚਾਰਕ ਹੈ।

## (੨) ਆਗੂਆਂ ਨੂੰ ਮਿਲਨਾ

(Contacting the heads of the sects)

ਇਤਿਹਾਸ ਵਿੱਚ ਇਹੋ ਜਹੀਆਂ ਸਾਖੀਆਂ ਬੇਅੰਤ ਹਨ ਕਿ ਗੁਰੂ ਜੀ ਜਿਥੇ ਜਿਥੇ ਗਏ ਉਸ ਮੁਕਾਮ ਦੇ ਸਭ ਤੋਂ ਵੱਡੇ ਪੂਜਨੀਕ ਲੀਡਰ ਜਾਂ ਧਰਮ ਆਗੂ ਨੂੰ ਮਿਲੇ। ਉਸ ਨਾਲ ਹੀ ਵਿਚਾਰ ਵਟਾਂਦਰਾ ਕਰਨਾ ਉਚਿਤ ਸਮਝਿਆ। ਛੋਟੇ ਮੋਟੇ ਚੇਲੇ


www.AKJ.Org

ਚਾਟੜੇ ਨਾਲ ਵਿਚਾਰ ਕਰ ਵੀ ਲੀਤੀ ਜਾਏ ਤਾਂ ਲਾਭ ਇਤਨਾ ਨਹੀਂ ਸੀ, ਜਿਤਨਾ ਕਿਸੇ ਮਤ ਦੇ ਸ਼ਰੋਮਣੀ ਨਾਲ ਬਹਿਸ ਕਰਨ ਵਿਚ ਸੀ। ਜੇ ਗੁਰੂ ਮੰਨ ਜਾਏ ਤਾਂ ਚੇਲੇ ਤਾਂ ਆਪੇ ਹੀ ਕਾਬੂ ਆ ਗਏ।

ਪਰਬਤ ਵਿੱਚ ਲੁਕ ਬੈਠਣ ਵਾਲੇ ਸਿਧਾਂ ਨੂੰ ਸੁਲਤਾਨ ਪੁਰ ਲੋਧੀ ਦੇ ਨਵਾਬ ਤੇ ਕਾਜ਼ੀ ਨੂੰ, ਅਨੇਕਾਂ ਸੰਤਾਂ ਮਹੰਤਾ ਨੂੰ ਪੀਰ ਹਮਜ਼ਾਂ ਗੌਸ, ਵਲੀ ਕੰਧਾਰੀ, ਦਸਤਗੀਰ, ਆਦਿ ਦਾ, ਸ਼ਬਦ ਦੀ ਸ਼ਕਤੀ ਨਾਲ ਜਿਤਣਾ ਇਹ ਸਿਧ ਕਰਦਾ ਹੈ ਕਿ ਆਪ ਧਰਮ ਦੇ ਖੇਤਰ ਵਿੱਚ ਇਕ ਮਹਾਨ ਕ੍ਰਾਂਤੀ ਦਾ ਜਤਨ ਕਰ ਰਹੇ ਸਨ। ਜੇ ਆਪ ਦੇ ਪਿਛੋਂ ਭੀ ਇਸੇ ਤਰ੍ਹਾਂ ਦਾ (follow up) ਪ੍ਰਚਾਰ ਹੁੰਦਾ ਰਹਿੰਦਾ ਤਾਂ ਸ਼ਾਇਦ ਆਪ ਦਾ ਸੰਦੇਸ਼ ਦੂਰ ਦੂਰ ਤਕ ਪਹੁੰਚਿਆ ਹੁੰਦਾ ਤੇ ਸਾਰਾ ਭਾਰਤ ਲੰਕਾ ਕਾਬਲ ਕੰਧਾਰ ਮੱਕਾ ਤੇ ਹੋਰ ਕਈ ਦੇਸ਼ ਅਜ ਸਿਖ ਹੁੰਦੇ।

## (ੲ)ਭਰੇ ਦੀਵਾਨ ਵਿਚ ਨਿਬੇੜਾ ਕਰਨਾ

(Discussion in Public)

ਪ੍ਰਚਾਰ ਦਾ ਤੀਸਰਾ ਅੰਗ ਸੀ ਭਰੀ ਸਭਾ ਵਿੱਚ, ਜਾਂ ਭਰੇ ਦੀਵਨ ਵਿੱਚ ਅਕਾਲ ਪੁਰਖ ਦੇ ਮਿਸ਼ਨ ਦਾ ਪ੍ਰਚਾਰ ਕਰਨਾ। ਇਹ ਨਹੀਂ ਕਿ ਗੁਰੂ ਬਾਬਾ ਜੀ ਅਜ ਦੇ ਦੰਭੀ ਗੁਰੂਆਂ ਵਾਂਗ ਕਲੇ ਦੁਕਲੇ ਕਿਸੇ ਅਧ ਪਚਧੇ ਪਿਛੇ ਲਗ ਸੇਵਕ ਦੇ ਘਰ ਆਕੇ ਦੋ ਚਾਰਾਂ ਨੂੰ ਕਲਿਆਂ ਬੁਲਾ ਕੇ "ਪਾੜ" ਜਾਂਦੇ ਸਨ ਇਹਨਾਂ ਭੇਖੀ ਦੇਹ ਧਾਰੀ ਗੁਰੂਆਂ ਦੀ ਕੀ ਮਜਾਲ ਕਿ ਭਰੇ ਦੀਵਨ ਵਿੱਚ ਕਿਸੇ ਨਾਲ ਬਹਿਸ ਤਾਂ ਕਰ ਸਕਣ। ਪਰ ਧੰਨ ਗੁਰੂ ਨਾਨਕ ਦੇਵ, ਜਿਨਾਂ ਹਮੇਸ਼ਾ ਜਦੋਂ ਕਦੀ ਬਹਿਸ ਛੇੜੀ, ਤੇ ਆਗੂ ਨਾਲ ਛੇੜੀ ਤੇ ਗਲ ਦਾ ਫੈਸਲਾ ਕੀਤਾ ਤਾਂ ਭਰੀ ਸਭਾ ਵਿੱਚ ਜਿਥੇ ਹਜ਼ਾਰਾਂ ਲੋਗ ਦੇਖਣ ਵਾਲੇ ਹੁੰਦੇ ਸਨ. ਹਿਸਾਰ ਦੇ ਲਾਗੇ ੨੦—੨੫ ਮੁਸਲਮਾਨ ਫਕੀਰਾਂ ਨੇ ਗੁਰੂ ਜੀ ਨੂੰ ਚਲੀਹਾ ਕਟਨ ਤੇ ਮਜਬੂਰ ਕੀਤਾ, ੨੪ ਘੰਟਿਆਂ ਦੀ ਖ਼ੁਰਾਕ ਇਕ ਜੌਂ ਦਾ ਦਾਣਾ ਤੇ ਲੋਟਾ ਪਾਣੀ। ਸ੍ਰੀ ਜੀਉ ਨੇ ਬਥੇਰਾ ਕਿਹਾ, ਪਰ ਨਾ ਹੀ ਮੰਨੇ ਜ਼ਿਦ ਕਰ ਬੈਠੇ ਕਿ ਤੁਸੀ ਫਕੀਰ ਹੋ ਸਾਡੇ ਨਾਲ ਚਲੀਹਾ ਕਟੋ ਆਖਰ ਚਲੀਹਾ ਰਖਣਾ ਹੀ ਪਿਆ। ਬੜੀ ਖ਼ਲਕਤ ਦੇਖਣ ਵਾਲੀ। ਚਾਲੀਵੇਂ ਦਿਨ ਤਾਂ ਖ਼ਾਸਾ ਕੱਠ ਜਿਹਾ ਹੋ ਗਿਆ ਹੋਣਾ ਹੈ। ਪੀਰਾਂ ਫਕੀਰਾਂ ਦਾ ਰੰਗ ੪੦ ਦਿਨਾਂ ਦੇ ਚਲੀਹੇ ਤੋਂ ਮਗਰੋਂ ਫਿਕਾ ਜਿਹਾ ਪੈ ਗਿਆ ਸੀ, ਪਰ ਸ੍ਰੀ ਜੀਉ ਦੀ ਝਾਲ ਨਾ ਝਲੀ ਜਾਏ। ਭਰੇ ਦੀਵਾਨ ਵਿੱਚ ਆਖਰ ਇਕ ਨੇ ਪੁਛ ਹੀ ਲਿਆ "ਮਹਾਰਾਜ ਤੁਸੀਂ ਕੀ ਖਾਂਦੇ ਰਹੇ ਹੋ? ਤੁਹਾਡਾ ਰੰਗ ਲਾਲ ਕਿਉਂ ਹੈ? ਮਹਾਰਾਜ ਨੇ, ਕਹਿੰਦੇ ਹਨ, ੪੦ ਦਿਨ ਉਕਾ ਹੀ ਕੁਝ ਸੇਵਨ ਨਹੀਂ ਕੀਤਾ। ਆਪ ਨੇ ਦਸਿਆ ਕਿ ਅਸੀਂ "ਨਾਮ" ਦੇ ਆਸਰੇ ਚਾਲੀ ਦਿਨ ਜੀਵੇ ਹਾਂ। ਇਹ ਸੁਣ ਕੇ ਸਾਰੇ ਪੀਰਾਂ ਨੇ ਗੁਰੂ ਬਾਬੇ ਜੀ ਨੂੰ ਮੱਥਾ ਟੇਕ ਦਿਤਾ। ਸ਼ਿਵਰਾਤ ਦਾ ਮੇਲਾ, ਸੂਰਜ ਗ੍ਰਹਿਣ ਤੇ ਕੁਰੂਖ਼ਸ਼ੇਤਰ ਆਦਿ ਅਜਿਹੇ ਵੱਡੇ ਵੱਡੇ ਇਕਠ ਸਨ, ਜਿਥੇ ਪ੍ਰਚਾਰ ਇਕ ਦਮ ਹਜ਼ਾਰਾਂ ਲਖਾਂ ਵਿੱਚ ਹੋਣ ਦੀ ਸੰਭਾਵਨਾ ਸੀ। ਗੁਰੂ ਬਾਬੇ ਨੇ ਤਾਂ ਛਟਾ ਹੀ ਮਾਰਨਾ ਸੀ, ਆਪਣੀ-ਆਂ ਤਿੰਨ ਉਦਾਸੀਆਂ (tours) ਵਿੱਚ ਮਹਾਰਾਜ ਨੇ ਛਟੇ ਮਾਤਰ ਪਰਚਾਰ ਕੀਤਾ, ਜਿਸ ਖ਼ੇਤੀ ਨੂੰ ਬਾਕੀ ਜਾਂਮਿਆਂ ਵਿੱਚ ਸੰਭਾਲਿਆ ਗਿਆ ਤੇ ਦਸਵੇਂ ਜਾਮੇਂ ਨੇ ਇਸ ਖ਼ੇਤੀ ਚੋਂ "ਖ਼ਾਲਸਾ" ਬੀਜ ਲੁਣਿਆ। ਅਜ ਹਰ ਇਕ ਖ਼ਾਲਸਾ ਬੀਜ ਮਾਤਰ ਹੈ, ਖ਼ੇਤੀ ਗੁਰੂ ਕੀ ਹੈ। ਰਾਖਾ ਭੀ ਗੁਰੂ ਆਪ ਹੈ।


www.AKJ.Org

# ਸਭ ਤੇ ਵਡਾ ਸਤਿਗੁਰ ਨਾਨਕ

(ਭਾਈ ਮਾਲਿਕ ਸਿੰਘ ਜੀ B.Sc ਕਾਨਪੁਰ)

ਜਿਥੋਂ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਸਾਰਕ ਸਨਬੰਧ ਬੇਦੀ ਕੁਲ ਨਾਲ ਹੈ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਬਚਿਤ੍ਰ ਨਾਟਕ ਵਿਚ ਪ੍ਰਥਿਮ ਪੰਜਾਂ ਧਿਆਇਆਂ ਵਿਚ "ਅਬ ਮੈਂ ਕਹੋ ਸੁ ਆਪਨੀ ਕਥਾ ॥ ਸੋਢੀ ਬੰਸ ਉਪਜਿਯ ਜਥਾ ॥ ਤੋਂ ਆਰੰਭ ਕਰ ਕੇ ਸੰਖੇਪ ਵਿਚ ਦਸਾਂ ਹੀ ਗੁਰੂ ਸਾਹਿਬਾਂ ਦੀ ਜਨਮ ਕਥਾ ਕਲਮ ਬੰਦ ਕੀਤੀ ਹੈ ।

ਦੋਹਰਾ ॥ ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ ॥
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ ॥
ਧਨੁ ਧੰਨੁ ਪਿਤਾ, ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ,
ਜਿਨਿ ਗੁਰੂ ਜਣਿਆ ਮਾਇ ॥

ਧੰਨ ਹਨ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਕਲਿਆਨਦਾਸ ਜੀ (ਮਹੱਤਾ ਕਾਲੂ) ਜਿਨ੍ਹਾਂ ਨੂੰ ਇਸ ਘੋਰ ਕਲਿਜੁਗ ਵਿਚ ਜਦ ਕਿ ਚਹੁੰਦਿਸ ਕੂੜ ਹੀ ਕੂੜ ਦਾ ਪਸਾਰਾ ਪਸਰਿਆ ਸੀ, ਧਰਮ ਵਿਹਮਾਂ, ਭਰਮਾਂ ਊਚਨੀਚ, ਛੂਤ ਛਾਤ ਦੀ ਜੰਜੀਰਾਂ ਵਿਚ ਜਕੜਿਆ ਸੀ, ਦੇਸ਼ ਦੀ ਰਾਜਨੀਤਕ ਅਵਸਥਾ ਆਪਨੀ ਫੁਟ, ਧੜੇਬਾਜ਼ੀ ਦੇ ਕਾਰਨ ਛਿਨ ਬਿਨ ਹੋ ਚੁਕੀ ਸੀ, ਐਸੇ ਨਾਜ਼ਕ ਸਮੇਂ ਵਿਚ ਸਰਬ ਕਲਾ ਸੰਪੂਰਨ ਜ਼ਾਹਰ ਪੀਰ, ਬੇਦੀ ਭੂਸ਼ਨ, ਕਲਿਤਾਰਕ, ਸਰਬ ਸ਼ਕਤੀ ਸੰਪੂਰਨ ਸਾਂਝੀ ਵਾਲਤਾ ਤੇ ਇਕ ਅਕਾਲ ਪੁਰਖ ਦੇ ਪੁਜਾਰੀ, ਜਗਤ ਜਲੰਦੇ ਦੇ ਰਖਵਾਲੇ, ਜਗਤ ਗੁਰੂ, ਧੰਨ ਗੁਰੂ ਨਾਨਕ ਦੇਵ ਜੀ ਨੂੰ ਕਤਕ ਦੀ ਪੂਰਨ ਮਾਸ਼ੀ ਸਨ ੧੪੬੯ ਈ: ਨਵੀਨ ਖੋਜ ਮੁਤਾਬਕ ਥਿਤ-੨੦ ਵੈਸਾਖ ਸੰਮਤ ੧੫੨੬ ਮੁਤਾਬਕ ੧੫ ਅਪ੍ਰੈਲ ਸਨ ੧੪੬੯ ਰਾਇ ਭੋਇ ਦੀ ਤਲਵੰਡੀ, ਜ਼ਿਲਾ ਸ਼ੇਖੂ ਪੁਰਾ, ਨਨਕਾਨਾ ਸਾਹਿਬ ਵਿਖੇ ਜਨਮ ਲੈਨ ਦਾ ਧੁਰ ਧਰਗਾ ਹੋਂ ਸੁਭਾਗ ਪ੍ਰਾਪਤ ਹੋਇਆ ॥

## ਜੀਵਨ ਝਾਕੀਆਂ

ਕਹਾਣੀਆਂ ਬਾਬਾਣੀਆਂ ਪੁਤ ਸਪੁਤ ਕਰੇਨਿ ॥

ਕਲਿਤਾਰਕ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਦਾ ਸੰਪੂਰਨ ਜੀਵਨ ਜੋ ਲਗ ਭਗ ੭੦ ਸਾਲ ੪ ਮਹੀਨੇ, ੧੯ ਦਿਨ ਦਾ ਬੰਨਦਾ ਹੈ ਉਸ ਨੂੰ ਮੋਟੇ ਤੌਰ ਤੇ ਤਿੰਨੇ ਹਿਸਿਆਂ ਵਿਚ ਵੰਡਿਆਂ ਜਾ ਸਕਦਾ ਹੈ ।



www.AKJ.Org

# ਪਹਿਲਾ ਭਾਗ (੩੦ ਸਾਲ ਤਕ ਦੀ ਉਮਰ)

ਆਰੰਭ ਵਿਚ ਆਪ ਤਲਵੰਡੀ ਰਹੇ । ਬਾਲਪਨ ਵਿਚ ਅਨੇਕਾਂ ਅਦਭੁਤ ਕੌਤਕ ਦਿਖਾਏ । ਉਧਾਰਨ ਦੇ ਤੌਰ ਤੇ ਸਤ ਸਾਲ ਦੀ ਉਮਰ ਵਿਚ ਪਾਂਧੇ, ਪੰਡਿਤ ਹਰਦਿਆਲ ਪਾਸ ਪੜਨ ਗਏ ਤੇ ਉਲਟਾ ਉਸਨੂੰ ਸਚੇ ਗਿਆਨ ਦਾ ਉਪਦੇਸ਼ ਦਿਤਾ । ਨੌ ਸਾਲ ਦੀ ਉਮਰ ਵਿਚ ਜਨੇਊ ਧਾਰਨ ਕਰਨ ਦੀ ਰਸਮ ਨੂੰ ਖੰਡਨ ਕੀਤਾ, ਤੇ ਸੱਚਾ ਜਨੇਊ ਧਾਰਨ ਕਰਨ ਦਾ ਉਪਦੇਸ਼ ਦਿਤਾ।

ਆਪ ਜੀ ਦੀ ਸ਼ਾਦੀ ੧੯ ਸਾਲ ਦੀ ਉਮਰ ਵਿਚ ਵਟਾਲੇ ਦੇ ਬਾਬਾ ਮੂਲਾ ਜੀ ਦੀ ਸਪੁਤ੍ਰੀ ਸੁਲਖਣੀ ਜੀ ਨਾਲ ੧ ਅਪਰੈਲ ਸੰਨ ੧੪੮੫ ਵਿਚ ਕੀਤੀ ਗਈ ਜਿਸ ਤੋਂ ਦੋ ਸਾਹਿਬਜ਼ਾਦਿਆਂ ਨੇ ਜਨਮ ਲਿਆ ॥ ਬਾਬਾ ਸ੍ਰੀ ਚੰਦ ਜੀ ਦਾ ਜਨਮ ਸੰਨ ੧੪੯੭ ਅਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਸੰਨ ੧੫੦੦ ਵਿਚ ਹੋਇਆ ॥ ੧੮ ਸਾਲ ਦੀ ਉਮਰ ਤਕ ਆਪ ਜੀ ਦੀ ਸੰਗਤ ਅਨੇਕਾਂ ਮਤਿ ਮਤਾਂਤ੍ਰਾਂ ਦੇ ਸਾਧੂਆਂ ਨਾਲ ਹੋ ਦੀ ਰਹੀ । ਆਪਜੀ ਦਾ ਧਿਆਨ ਗ੍ਰਿਹਸਤ ਵਿਚ ਲਗਾਨ ਖਾਤਰ ਆਪਜੀ ਨੂੰ ਵਾਪਾਰ ਕਰਨ ਲਈ ਮਜਬੂਰ ਕੀਤਾ ਗਿਆ । ਪਿਤਾ ਜੀ ਦੀ ਹਦਾਇਤ ਅਨੁਸਾਰ ਆਪਕੇ ਖੇਤੀਬਾੜੀ, ਮੱਝਾਂ ਚਾਰਨਾ, ਸਚਾ ਸਉਦਾ ਕਰਨਾ, ਆਦਿ ਤਲਵੰਡੀ, ਚੂਹੜਕਾਣਾ, ਸੈਦਪੁਰ ਸੁਲਤਾਨਪੁਰ, ਲਾਹੌਰ ਵਿਚ ਕਰਦੇ ਰਹੇ। ਮੋਦੀ ਦੀ ਨੌਕਰੀ ਆਪ ਨੇ ਨਵਾਬ ਦੋਲਤ ਖਾਨ ਲੋਧੀ ਪਾਸ ਕੀਤੀ, ਜਿਥੇ ਆਪ ਜੀ ਦੀ ਤੇਰਾ ਤੇਰਾ...ਵਾਲੀ ਸਾਖੀ ਪ੍ਰਚਲਤ ਹੈ ॥

ਇਸ ਉਮਰ ਵਿਚ ਆਪ ਨੇ ਦੇਸ਼ ਦੀ ਰਾਜਨੀਤਕ, ਧਾਰਮਕ, ਅਵਸਥਾ ਦਾ ਅਧਿਐਨ ਕੀਤਾ ਤੇ ਆਪ ਨੂੰ ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥' ਅਤੇ "ਹੈ ਹੈ ਕਰਦੀ ਸੁਣੀ ਲੁਕਾਈ", ਜਗਤ ਜਲੰਦਾ ਨਜ਼ਰ ਆਇਆ। ਦੇਸ ਦਰਦੀ ਸਤਿਗੁਰ ਨੇ ਆਪਨਾ ਸੁਖ ਆਰਾਮ ਛਡਨ ਦਾ ਫੈਸਲਾ ਕਰ ਲਿਆ ਤੇ ਗ੍ਰਹਸਤੀ ਬਾਣਾ ਉਤਾਰ ਕੇ ਚੜਿਆ ਸੋਧਣਿ ਧਰਿਤ ਲੁਕਾਈ ॥

ਜੀਵਨ ਦਾ ਦੂਜਾ ਭਾਗ ੩੦ ਤੋਂ ੫੦ ਸਾਲ ਤਕ ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜਿਆ ਸੋਧਣਿ ਧਰਤਿ ਲੁਕਾਈ ॥

੩੦ ਸਾਲ ਤੋਂ ੫੦ ਸਾਲ ਦਾ ਜੀਵਨ ਬੜਾ ਕਸ਼ਟਾਂ, ਦੁਖਾਂ, ਮੁਸੀਬਤਾਂ ਭਰਿਆ ਜੀਵਨ ਹੈ । ਇਸ ਜੀਵਨ ਨੂੰ ਤਿੰਨ ਉਦਾਸੀਆਂ ਵਿਚ ਵੰਡਿਆ ਗਿਆ ਹੈ।

# ਪਹਿਲੀ ਉਦਾਸੀ ਸੰਨ ੧੫੦੭ ਤੋਂ ੧੫੧੫ ਤਕ ਤਕਰੀਬਨ ੮ ਸਾਲ

"ਬਾਬਾ ਆਇਆ ਤੀਰਥੀ, ਤੀਰਥ ਪੁਰਬ ਸਭੇ ਫਿਰਿ ਦੇਖੇ" ਅਕਾਲਪੁਰਖ ਦੀ ਆਗਿਆ ਅਨੁਸਾਰ ਆਪ ਮਿਥੇ ਪਰੋਗਰਾਮ ਮੁਤਾਬਕ ਆਪ ਲਗਾਤਾਰ ਅਠ ਸਾਲ ਹਿੰਦੂ ਮਤਿ ਦੇ ਤੀਰਥਾਂ ਤੇ ਗਏ ਸੰਤਾਂ, ਮਹੰਤਾ, ਸੰਨਿਆਸੀਆਂ ਬ੍ਰਹਮਣਾ, ਮੋਨਧਾਰੀ, ਪੰਡਿਤਾਂ ਨਾਲ ਗੋਸ਼ਟ ਕੀਤਾ ਤੇ ਸਮਝਾਇਆ ਕਿ "ਭੇਖੀ ਪ੍ਰਭੂ ਨ ਪਾਈਐ" ਆਪ ਹਿੰਦੂ ਮਤਿ ਦੇ ਤੀਰਥਾਂ—ਹਰਦੁਆਰ, ਸੋਮਨਾਥ, ਅਯੁਧਿਆ ਬਨਾਰਸ, ਕਾਸ਼ੀ,


www.AKJ.Org

ਕਸ਼ਮੀਰ, ਐਮਨਾਬਾਦ, (ਭਾਈ ਲਾਲੋ ਪਾਸ): ਨੇਪਾਲ, ਭੂਟਾਨ, ਨਾਨਕ ਮਤਾ, ਦੁਆਰਕਾ, ਸੰਗਲਾਦੀਪ, ਜਗਨਨਾਥ ਪੁਰੀ...ਆਦਿ ਤੇ ਗਏ, ਦਿਲੀ, ਪਾਨੀਪਤ, ਕੁਰਖੇਤ੍ਰ ਮਥਰਾ ਬਿੰਦ੍ਰਾਬਨ ਆਦਿ ਜਾਕੇ। ਪੰਡਿਤਾਂ, ਪੁਜਾਰੀਆਂ ਨੂੰ ਸਚੇ ਮਾਰਗ ਤੇ ਪਾਇਆ ॥

## ਦੂਜੀ ਉਦਾਸੀ (ਸੰਨ ੧੫੧੭ ਤੋਂ ੧੫੧੮ ਤਕ)

ਇਸ ਉਦਾਸੀ ਦਾ ਮੁਖ ਮਕਸੱਦ ਉਹਨਾਂ ਜੋਗੀਆਂ ਨਾਲ ਸੀ ਜੋ ਪਰਬਤਾਂ ਤੇ ਜਾ ਕੇ ਲੁਕੇ ਤੇ ਰਿਧੀਆਂ ਸਿੱਧੀਆਂ ਵਿਚ ਹੀ ਫਸ ਗਏ ॥ ਯਥਾ ਪ੍ਰਮਾਣ;—

ਬਾਬੇ ਡਿਠੀ ਪਿਰਥਮੀ, ਨਵੈ ਖੰਡਿ ਜਿਥੈ ਤਕਿ ਆਹੀ ॥ ਫਿਰਿ ਜਾਇ ਚੜ੍ਹਿਆ ਸੁਮੇਰਪਰ ਸਿਧ ਮੰਡਲੀ ਦ੍ਰਿਸ਼ਟੀ ਆਈ ॥
ਚਉਰਾਸੀਹ ਸਿਧ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ ॥

ਕਰਤਾਰ ਪੁਰ ਤੋਂ ਚਲ ਕੇ ਬਾਬਾ ਜੀ ਉਤਰ ਖੰਡ, ਸਿਧਾਂ ਜੋਗੀਆਂ ਦੇ ਡੇਰਿਆਂ ਤੇ ਗਏ। ਸਿਆਲਕੋਟ ਹਮਜ਼ਾ ਗੌਸ ਦੀ ਸਾਖੀ, ਸੁਮੇਰ ਤੇ ਸਿਧਾਂ ਨਾਲ ਸਿਧ ਗੋਸ਼ਟ ਕਸ਼ਮੀਰ, ਜਮੂੰ ਆਦਿ ਗਏ। ਇਹ ਉਦਾਸੀ ਤਕਰੀਬਨ ਇਕ ਸਾਲ ਦੀ ਸੀ ਫੇਰ ਆਪ ਕਰਤਾਰ ਪੁਰ ਵਾਪਸ ਆ ਗਏ।

## ਤੀਜੀ ਉਦਾਸੀ (ਸੰਨ ੧੫੧੮ ਤੋਂ ੧੫੨੧)

ਉਦਾਸੀ ਦਾ ਮੁਖ ਮੱਕਸਦ ਇਹ ਸੀ:—

"ਬਾਬਾ ਫਿਰ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ" ਇਸ ਉਦਾਸੀ ਵਿਚ ਆਪ ਪਾਕਪਟਨ, ਬਗਦਾਦ, ਮਕਾ ਮਦੀਨਾਂ, ਬਲਖ ਕਾਬਲ, ਪਸ਼ੌਰ...ਆਦਿ ਗਏ। ਮਕੇ ਦੀ ਸਾਖੀ "ਟੰਗੋ ਪਕੜਿ ਘਸੀਟਿਆ, ਫਿਰਿਆ ਮਕਾ ਕਲਾ ਦਿਖਾਹੀ। ਹੋਇ ਹੈਰਾਨ ਕਰੇਨਿ ਜਾਹਰੀ ॥ ਮਕੇ ਵਿਚ ਜਾ ਕੇ ਰੁਕਨਦੀਨ ਨਾਲ ਬਹਿਸ ਕੀਤੀ, ਉਸ ਨੂੰ ਖੜਾਵਾਂ ਨਿਸ਼ਾਨੀ ਵਜੋ ਦ੍ਰਿਤੀਆਂ। ਇਸੇ ਉਦਾਸੀ ਵਿਚ ਆਪ ਨੇ ਵਲੀ ਕੰਧਾਰੀ ਦੇ ਹਉਮੈ ਦੇ ਵਲਾਂ ਨੂੰ ਕਢਿਆ ॥ ਡਿਗਾਂ ਵਿਖੇ ਇਕ ਜੋਗੀ ਦਾ ਚਲੀਹਾ ਤੋੜਿਆ ॥

## ਜੀਵਨ ਦਾ ਤੀਜਾ ਭਾਗ (ਸੰਨ ੧੫੨੧ ਤੋਂ ੧੫੩੯)

ਮੁਖ਼ ਮਕੱਸਦ।

ਖਾਧੀ ਖੁਣਸਿ ਜੁਗੀਸਰਾ, ਗੋਸਟਿ ਕਰਨਿ ਸਭੇ ਉਠਿਆਈ ॥
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ ॥
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣ ਹਥਿ ਨ ਆਈ ॥
ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ ॥

ਜੀਵਨ ਦਾ ਅੰਤਮ ਹਿਸਾ ਤਕਰੀਬਨ ੧੮ ਸਾਲ ਆਪ ਗ੍ਰਸਤੀ ਬਨ ਕੇ ਕਰਤਾਰਪੁਰ ਰਹੇ। ਆਪ ਗ੍ਰਿਸਤ ਵਿਚ ਰਹਿ ਕੇ ਪ੍ਰਭ ਸਿਮਰਨ ਦੀ ਜਾਚ ਦਸੀ। ਗ੍ਰਿਸਤ ਵਿਚ ਰਹਿੰਦੇ ਹੋਇ ਕਮਲ ਦੀ ਤਰਾਂ ਮਾਇਆ ਮਮਤਾ ਤੋਂ ਨਿਰਲੇਪ ਰਹਿਨ ਦਾ ਉਪਦੇਸ਼ ਦਿਤਾ। ਭੰਗਰਨਾਥ ਜੋਗੀ ਨੂੰ ਗ੍ਰਹਿਸਤ ਦੀ ਵਡਿਆਈ ਇਸ ਪ੍ਰਕਾਰ ਪ੍ਰਗਟਾਈ:—



www.AKJ.Org

ਨਾਨਕ ਆਖੇ ਭਰਥਰਿਨਾਥ, ਤੇਰੀ ਮਾਉ ਕੁਚਜੀ ਆਹੀ ॥
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚਜੇ ਫੁਲੁ ਸੜਾਈ ॥
ਹੋਇ ਅਤੀਤ ਗ੍ਰਿਹਸਤਿ ਤਜਿ, ਫਿਰਿ ਉਨ ਕੇ ਘਰਿ ਮੰਗਣਿ ਜਾਈ ॥
ਬਿਨੁ ਦਿਤੇ ਕਛੁ ਹਥਿ ਨ ਆਈ ॥

## ਦੋ ਵਿਸ਼ੇਸ਼ ਵਿਚਾਰਾਂ

ਪਹਿਲੀ ਵਿਚਾਰ:— (੧) ਕਲਿ ਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ ॥
(੨) ਜਿਤੀ ਨਵਖੰਡ ਮੇਦਨੀ, ਸਤਿਨਾਮੁ ਦਾ ਚਕ੍ਰ ਫਿਰਾਇਆ ॥

ਧਨ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਅਨਗਿਣਤ, ਅਵਤਾਰ, ਪੈਗੰਮਬਰ ਹੋਇ, ਸਭ ਦਾ ਹੀ ਧਰਮ ਦੋਖੀਆਂ ਨਾਲ ਟਾਕਰਾ ਚਲਦਾ ਰਿਹਾ। ਕਿਸੇ ਸੁਦਰਸ਼ਨ ਚਕ੍ਰ ਦੀ ਟੇਕ ਲਈ ਕਿਸੇ ਨੇ ਧਨਸ਼ ਬਾਣ, ਕਿਸ ਨੇ ਹੋਰ ਅਨੇਕਾਂ ਪ੍ਰਕਾਰ ਦੇ ਹਥਿਆਰਾਂ ਦੀ ਵਰਤੋਂ ਕੀਤੀ ਪਰ ਪੂਰਨ ਗੁਰੂ ਨਾਨਕ ਸਾਹਿਬ ਜਿਹਨਾਂ ਨੇ ਸਤਿਨਾਮ ਦਾ ਚਕ੍ਰ ਚਲਾਇਆ। ਧੰਨ ਗੁਰੂ ਨਾਨਕ ਸਾਹਿਬ ਨੇ ਕਿਸੇ ਨੂੰ ਜ਼ਬਰਦਸਤੀ ਅਪਨਾ ਸਿਧਾਂਤ ਮਨਾਉਣ ਲਈ ਮਜਬੂਰ ਨਹੀਂ ਕੀਤਾ ਸਗੋਂ ਪਹਿਲਾਂ ਦਲੀਲਾਂ ਦੇ ਤੀਰਾਂ ਨਾਲ ਕਾਲਜੇ ਨੂੰ ਵਿਨ੍ਹਨ ਦੀ ਕੋਸ਼ਸ਼ ਕੀਤੀ। ਦਲੀਲਾਂ ਵੀ ਐਸੀਆਂ ਜੋ ਇਕ ਅਨੋਖੇ ਢੰਗ ਤੇ ਆਮ ਪ੍ਰਚਲਤ ਕਹਾਵਤਾਂ ਦੇ ਮੁਤਾਬਕ ਸਨ। ਉਧਾਰਨ ਦੇ ਤੌਰ ਤੇ ਕੁਰਖੇਤ੍ਰ ਜਾ ਕੇ ਗ੍ਰਹਿਣ ਸਮੇਂ ਉਲਟੀ ਤਰਫ ਪਾਣੀ ਦੇ ਕੇ ਸਭ ਨੂੰ ਚਕ੍ਰਿਤ ਕਰ ਦੇਣਾ, ਜਦ ਕੋਈ ਵਸੀਲਾ ਵੀ ਦੂਜੇ ਤੇ ਅਸਰ ਨ ਕਰੇ ਫੇਰ ਆਖਰੀ ਹਥਿਆਰ "ਕ੍ਰਿਪਾ ਦ੍ਰਿਸ਼ਟੀ" ਨਾਲ ਨਦਰੀ ਨਦਰ ਨਿਹਾਲ ਕਰ ਦੇਣਾ ਤੇ ਸਤਿਨਾਮ ਦਾ ਮੰਤ੍ਰ ਦ੍ਰਿੜਾ ਦੇਣਾ। ਇਹ ਇਕ ਵਡਮੁਲੀ ਅਤੇ ਅਨੋਖੀ ਅੰਮ੍ਰਿਤ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਸੀ।

## ਦੂਜੀ ਵਿਸ਼ੇਸ਼ ਵਿਚਾਰ

ਇਹ ਹੋ ਸਕਦਾ ਹੈ ਕਿ ਅਜ ਕਲ ਸਾਇੰਸ ਦੀ ਕਿਸੇ ਸਿਧਾਂਤ ਮੁਤਾਬਕ ਗਗਨ ਤਾਰਿਕਾ ਮੰਡਲ ਦੀ ਗਿਨਤੀ ਗਿਣ ਲਈ ਜਾਏ ਪਰ ਗੁਰੂ ਬਾਬਾ ਜੀ ਦੇ ਤਾਰੇ ਹੋਇ ਜੀਵਾਂ ਦੀ ਗਿਣਤੀ ਕਰਨੀ ਮਨੁਖਾਂ ਦੀ ਤਾਕਤ ਤੋਂ ਪਰੇ ਹੈ। ਕੋਈ ਗਿਣੇਗਾ ਤਾਂ ਕਿਥੋਂ ਤਕ ਗਿਣੇਗਾ ਜਦ ਸਾਡੀ ਇਸ ਸ੍ਰਿਸ਼ਟੀ ਤੇ ਅਨੇਕਾਂ ਗੁਣਾਂ ਵਡੀਆਂ ਅਨਗਿਣਤ ਸ੍ਰਿਸ਼ਟੀਆਂ ਹਨ—ਅਨੇਕਾਂ ਭੂ-ਮੰਡਲ, ਸੂਰਜ ਮੰਡਲ, ਚੰਦ੍ਰ ਮੰਡਲ ਅਤੇ ਨ ਜਾਨੇ ਹੋਰ ਕਿਤਨੇ ਖੰਡ, ਬ੍ਰਹਮੰਡ, ਅਕਾਸ਼, ਪਾਤਾਲ, ਹਨ। ਕਿਸੇ ਨੇ ਅਪਣੀ ਦ੍ਰਿਸ਼ਟੀ ਮੁਤਾਬਕ ੧੪ ਤਬਕੇ ਦਸੇ, ਕਿਸੇ ਨੇ ਤਿੰਨ ਲੋਕ, ਕਿਸੇ ਨੇ ਸਤ ਅਕਾਸ਼ ਸਤ ਪਾਤਾਲ ਦਾ ਨ੍ਹਾਰਾ ਲਾਇਆ, ਪਰ ਧੰਨ ਗੁਰੂ ਨਾਨਕ ਸਾਹਿਬ ਨੇ, ਜਿਨ੍ਹਾਂ ਨੇ "ਪਾਤਾਲਾ ਪਾਤਾਲ ਲਖ ਅਗਾਸਾ ਅਗਾਸ" ਦਾ ਨ੍ਹਾਰਾ ਲਾਇਆ। ਕੇਵਲ ਨ੍ਹਾਰਾ ਹੀ ਨਹੀਂ ਲਗਾਇਆ ਸਗੋਂ ਪ੍ਰਤਖ ਰੂਪ ਤੇ ਬਗ਼ਦਾਦ ਵਿਖੇ ਦਸਤਗੀਰ ਦੇ ਬੇਟੇ ਨੂੰ ਅਨਗਿਣਤ ਅਨਡਿਠੀ ਦੁਨੀਆਂ, ਲਖਾਂ ਪਾਤਾਲ, ਅਕਾਸ਼ ਦਿਖਾਇ ਦਿਤੇ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿਤਨਾ ਹਛੀ ਤਰਾਂ ਕਲਮਬੰਦ ਕੀਤਾ:—

ਨਾਲਿ ਲੀਤਾ ਬੇਟਾ ਪੀਰ ਦਾ, ਅਖੀ ਮੀਟਿ ਗਇਆ ਹਵਾਈ ॥
ਲਖ ਅਕਾਸ ਪਤਾਲ ਲਖ, ਅਖ ਫੁਰਕ ਵਿਚਿ ਸਭਿ ਦਿਖਲਾਈ ॥



www.AKJ.Org

ਭਰਿ ਕਚਕੌਲ ਪ੍ਰਸਾਦਿ ਦਾ, ਧੁਰੋਂ ਪਾਤਾਲੋਂ ਲਈ ਕੜਾਹੀ ॥
ਜ਼ਾਹਰ ਕਲਾ, ਨ ਛਪੈ ਛਪਾਈ ॥

ਹਾਂ ਜੀ ਭਰਿ ਕਚਕੌਲ ਪ੍ਰਸਾਂਦਿ ਦਾ ਇਹ ਪੰਕਤੀ ਬਿਲਕੁਲ ਸਪਸ਼ਟ ਕਰ ਦੇਂਦੀ ਹੈ ਕਿ ਇਸ ਸ੍ਰਿਸ਼ਟੀ ਤੋਂ ਇਲਾਵਾ ਅਨੇਕਾਂ ਹੋਰ ਸ੍ਰਿਸ਼ਟੀਆਂ ਹਨ ਤੇ ਉਹਨਾਂ ਸਭ ਸ੍ਰਿਸ਼ਟੀਆਂ ਤੇ ਗੁਰੂ ਨਾਨਕ ਦਰਬਾਰ ਦਾ ਕੇਸਰੀ ਨਿਸ਼ਾਨ ਝੂਲ ਰਿਹਾ ਹੈ। ਉਹਨਾਂ ਸਭ ਸਥਾਨਾਂ ਤੇ ਗੁਰੂ ਨਾਨਕ ਦੇ ਨਾਮ ਲੇਵਾ ਹਨ ਤੇ ਗੁਰੂ ਨਾਨਕ ਜੀ ਦਾ ਜਸ ਹੋ ਰਿਹਾ ਹੈ। 'ਧੁਰੋਂ ਪਤਾਲੋਂ ਲਈ ਕੜਾਹੀ' ਇਹ ਸਪਸ਼ਟ ਕਰ ਦੇਂਦੀ ਹੈ ਕਿ ਗੁਰੂ ਨਾਨਕ ਦਾ ਦਰਬਾਰ ਉਥੇ ਲਗਦਾ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ ਜਾਂਦੀ ਹੈ। ਸ਼ੋਦ ਇਹ ਸਾਡੀ ਹੀ ਇਕ ਐਸੀ ਸ੍ਰਿਸ਼ਟੀ ਹੈ ਜਿਥੇ ਅਜੇ ਪੂਰੇ ਤਰੀਕੇ ਨਾਲ ਗੁਰੂ ਨਾਨਕ ਸਾਹਿਬ ਦੇ ਪੰਥ ਅੰਦਰ ਅਜੇ ਤਕ ਪੂਰਨਤਾ ਨਹੀਂ ਆਈ।

## ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰਚਨਾ

ਗੁਰਬਾਣੀ ਪਹਿਲਾਂ ਲਿਖੀ ਨਹੀਂ ਉਚਾਰੀ ਹੈ। ਆਪ ਜੀ ਦੀ ਰਚਨਕਲਾ ਦੀ ਵਿਸ਼ੇਸ਼ਤਾ ਸਭ ਤੋਂ ਵਡੀ ਇਹ ਹੈ ਕਿ ਆਪ ਨੇ ਗੁਰਬਾਣੀ ਨੂੰ ਉਚਾਰਨ ਕੀਤਾ ਹੈ ਤੇ ਪਿਛੋਂ ਲਿਖਤ ਵਿਚ ਆਈ ਹੈ। ਆਪ ਜੀ ਨੂੰ ਸਚੇ ਖਸਮ ਵਲੋਂ ਜੈਸੀ ਪ੍ਰੇਰਨਾ ਹੁੰਦੀ ਸੀ ਉਸ ਨੂੰ ਪਹਿਲੇ ਰਾਗ ਵਿਚ ਗਾਇਣ ਕਰਦੇ ਸਨ, ਉਚਾਰਨ ਕਰਦੇ ਸਨ ਤੇ ਬਾਦ ਵਿਚ ਲਿਖੀ ਜਾਂਦੀ ਸੀ। ਜੈਸਾ ਕਿ ਪੰਕਤੀਆਂ ਤੋਂ ਸਪਸ਼ਟ ਹੈ :—

੧. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥
੨. ਬੋਲਾਇਆ ਬੋਲੀ ਤੇਰਾ ॥

ਇਹ ਹੀ ਕਾਰਨ ਹੈ ਕਿ ਆਪ ਦੁਆਰਾ ਉਚਾਰਨ ਕੀਤਾ ਬਾਣੀ ਨੂੰ ਅਕਾਲ ਪੁਰਖ ਦੀ ਬਾਣੀ ਦਾ ਦਰਜਾ ਪ੍ਰਾਪਤ ਹੈ। ਇਸ ਲਈ ਹੁਕਮਨ ਸਿਰ ਹੁਕਮ ਹੈ ਕਿ —

'ਸਤਿਗੁਰ ਦੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥'

ਇਸ ਲਈ ਇਸ ਤੇ ਤੁਲ ਆਨ ਕ੍ਰਿਤਮ ਬਾਣੀ ਹੋਛੀਆਂ ਹਨ, ਫੋਕੀਆਂ ਹਨ, ਮਨ ਘੜਤ ਹਨ। ਗੁਰਬਾਣੀ ਵਿਚ ਇਸ ਲਈ ਇਤਨਾ ਮਿਠਾਸ ਹੈ, ਅਨੰਦ ਹੈ, ਜੀਵਨ ਨੂੰ ਬਦਲ ਦੇਣ ਦੀ ਸਮਰਥਾ ਹੈ। ਇਸ ਲਈ ਜੋ ਇਸ ਧੁਰ ਦਰਗਾਹ ਦੀ ਗੁਰਬਾਣੀ ਨੂੰ ਹਿਰਦੇ ਵਿਚ ਵਸਾਇਗਾ ਉਸ ਦੇ ਅੰਦਰ ਅਗੰਮੀ ਕਲਾਵਰਤ ਜਾਂਦੀ ਹੈ ਯਥਾਗੁਰਵਾਕ—"ਇਹ ਬਾਣੀ ਜੋ ਜੀਅਹੁ ਜਾਣੈ, ਤਿਸ ਅੰਤਰ ਰਵੈ ਹਰਿ ਨਾਮਾ"

ਇਸ ਲਈ ਆਪ ਜੀ ਦਾ ਉਚਾਰਿਆ ਹਰਿ ਇਕ ਸ਼ਬਦ ਪਹਿਲੇ ਹੀ ਛੰਦ, ਚਾਲ, ਤਾਲ, ਰਾਗ ਨਿਸਚਿਤ ਕਰਦਾ ਸੀ ਨ ਕਿ ਪਹਿਲਾਂ ਆਪ ਕਿਸੇ ਛੰਦ ਦੀ ਪਾਬੰਦੀ ਵਿਚ ਰਚਨਾ ਕਰਦੇ ਸਨ ਤੇ ਬਾਦ ਵਿਚ ਉਸ ਨੂੰ ਰਾਗ ਵਿਚ ਗਾਇਨ ਕਰਦੇ ਸਨ। ਐਸਾ ਨਹੀਂ ਸੀ।

## ਰਚਨਾ ਦਾ ਵੇਰਵਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗੁਰਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਇਸ ਤੋਂ ਛੁਟ ਆਪਜੀ ਦੇ ਨਾਮ ਥਲੇ ਪ੍ਰਚਲਤ ਕਈ ਬਾਣੀਆਂ ਹਨ। ਪਰ ਇਹ ਸਭ


www.AKJ.Org

ਕਚੀਆਂ ਝੂਠੀਆਂ ਹਨ ਤੇ ਆਪ ਜੀ ਦੀ ਉਚਾਰੀਆਂ ਹੋਈਆਂ ਨਹੀਂ ਹਨ। ਉਧਾਰਨ ਦੇ ਤੌਰ ਤੇ ਆਪ ਦੀ ਅਸਲੀ ਸਿਧ ਗੋਸ਼ਟ ਰਾਗ ਰਾਮਕਲੀ ਵਿਚ ਦਰਜ ਹੈ ਪਰ ਸਿਧ ਗੋਸ਼ਟ ਰਾਗ ਆਸਾ।" ਇਹ ਆਪ ਜੀ ਦੀ ਉਚਾਰੀ ਨਹੀਂ ਹੈ। ਇਸੇ ਪ੍ਰਕਾਰ ਹੋਰ ਵੀ ਥਲੇ ਲਿਖੀਆਂ ਬਾਣੀਆਂ ਪ੍ਰਚਲਤ ਹਨ:—

੧. ਪ੍ਰਾਣ ਸੰਗਲੀ ੨. ਜੋਗ ਸਿਧ ਬਾਬਾ ਨਾਨਕ ਜੀ ਦੀ ੩. ਸੋਰਠ ਦੀ ਵਾਰ ੪. ਰਾਮਕਲੀ ਰਤਨ ਮਾਲਾ ੫. ਤਿਲੰਗ ਕੀ ਵਾਰ ੬. ਨਸੀਅਤ ਨਾਮਾ ੭. ਹਾਜ਼ਰ ਨਾਮਾ ੮. ਰਤਨ ਮਾਲਾ......... ਆਦਿ॥

## ਰਚਨਾ ਦਾ ਵੇਰਵਾ

| ਨੰ: | ਰਾਗ | ਪੱਦੇ | ਅਸਟ-ਪਦੇ | ਛੰਤ | ਸਲੋਕ | ਪਉੜੀਆਂ | ਵਿਸ਼ੇਸ਼ ਬਾਣੀ | ਜੋੜ |
|---|---|---|---|---|---|---|---|---|
| 1 | ਸ੍ਰੀ ਜਪੁ ਸਾਹਿਬ | … | … | … | 2 | 37 | … | 39 |
| 2 | ਸਲੋਕ ਸਹਸ ਕ੍ਰਿਤੀ | … | … | … | 4 | … | … | 4 |
| 3 | ਸਲੋਕ ਵਾਰਾਂ ਤੋਂ ਵਧੀਕ | … | … | … | 32 | … | … | 32 |
| | ਜੋੜ | … | … | … | 38 | 37 | … | 75 |
| | | | | | | | ਪੈਹਰੇ | |
| 1 | ਸ੍ਰੀ ਰਾਗ | 33 | 18 | … | 7 | … | 2 | 60 |
| 2 | ਮਾਂਝ ਰਾਗ | … | 1 | … | 46 | 27 | … | 74 |
| 3 | ਗਉੜੀ ਰਾਗ | 21 | 18 | 2 | … | … | … | 41 |
| 4 | ਆਸਾ " | 45 | 22 | 5 | 45 | 24 | ਪਟੀ—1 | 142 |
| 5 | ਗੁਜਰੀ " | 2 | 5 | … | 1 | … | … | 8 |
| 6 | ਬਿਹਾਗੜਾ ਰਾਗ | … | … | … | 2 | … | … | 2 |
| | | | | | | | ਅਲਾਹਣੀਆਂ | |
| 7 | ਵਡਹੰਸ ਰਾਗ | 3 | … | 2 | 3 | … | 5 | 13 |
| 8 | ਸੋਰਠ ਰਾਗ | 12 | 4 | … | 2 | … | … | 18 |
| | | | | | | | ਆਰਤੀ | |
| 9 | ਧਨਾਸਰੀ ਰਾਗ | 9 | 2 | 3 | … | … | 1 | 15 |
| 10 | ਤਿਲੰਗ ਰਾਗ | 5 | 1 | … | … | … | … | 6 |
| | | | | | | | ਸੁਚਜੀ-1 | |
| 11 | ਸੂਹੀ ਰਾਗ | 9 | 5 | 5 | 23 | … | ਕੁਚਜੀ-1 | 44 |
| 12 | ਬਿਲਾਵਲ ਰਾਗ | 4 | 2 | 2 | 2 | … | ਥਿਤੀ-1 | 11 |
| | | | | | | | ਦਖਣੀ ਓਅੰਕਾਰ 54 | |
| 13 | ਰਾਮਕਲੀ ਰਾਗ | 11 | 9 | … | 19 | | ਸਿਧ ਗੋਸ਼ਟ-73 | 166 |
| 14 | ਮਾਰੂ ਰਾਗ | 12 | 12 | … | 19 | … | ਸੋਹਲੇ 22 | 65 |
| 15 | ਤੁਖਾਰੀ ਰਾਗ | … | … | 5 | … | … | ਬਾਰਹਮਾਹ 17 | 22 |



www.AKJ.Org

| | | | | | | | | |
|---|---|---|---|---|---|---|---|---|
| 16 | ਭੈਰਉ ਰਾਗ | 8 | 1 | ... | ... | ... | ... | 9 |
| 17 | ਬਸੰਤ ਰਾਗ | 10 | 8 | ... | ... | ... | ... | 18 |
| 18 | ਸਾਰੰਗ ਰਾਗ | 3 | 2 | ... | 34 | ... | ... | 36 |
| 19 | ਮਲਾਰ ਰਾਗ | 9 | 5 | ... | 24 | 27 | ... | 65 |
| 20 | ਪ੍ਰਭਾਤੀ ਰਾਗ | 17 | 7 | ... | ... | ... | ... | 24 |
| | ਜੋੜ:— | 213 | 122 | 24 | 265 | 115 | 178 | 917 |

ਉਪਰੋਕਤ ਚਾਰਟ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਪ ਨੇ ੨੦ ਰਾਗਾਂ ਵਿਚ ਗੁਰਬਾਣੀ ਉਚਾਰਨ ਕੀਤੀ ਹੈ ਜਦ ਕਿ ਕੁਲ ਰਾਗ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ੩੧ ਹਨ। ਆਪ ਜੀ ਦੇ ਉਚਾਰਨ ਕੀਤੇ ਕੁਲ ਸ਼ਬਦਾਂ ਦਾ ਜੋੜ ੯੧੭ ਹੈ।

ਆਪ ਨੇ ਨਵੀਂ ਅਤੇ ਸੋਖੀ ਅਰਸ਼ੀ ਅਕਾਲੀ ਬਾਣੀ ਖਾਸ ਕਰਕੇ ਭਾਰਤ ਵਾਸੀਆਂ ਨੂੰ ਦਿਤੀ। ਆਪਜੀ ਨੇ ਗੁਰਬਾਣੀ ਰਾਗ ਵਿਚ ਉਚਾਰ ਕੇ ਹੋਰ ਵੀ ਇਸ ਵਿਚ ਕੋਮਲਤਾ, ਮਿਠਾਸ ਪਾ ਕੇ ਰਾਗ ਤੇ ਸੰਗੀਤ ਨੂੰ ਸੁਰਜੀਤ ਕੀਤਾ।

ਖਾਸ ਕਰ ਆਪ ਨੇ ਇਕ ਨਵਾਂ ਢੰਗ ਧਰਮ ਦੇ ਪ੍ਰਚਾਰ ਲਈ ਕਢਿਆ ਤੇ ਉਹ ਸੀ ਆਪਨੇ ਜੀਵਨ ਦੇ ਅੰਤਮ ਸਮੇਂ ਆਪਨੀ ਜੋਤਿ ਦਾ ਆਪ ਹੀ ਉਤਰਾ-ਅਧਿਕਾਰ ਭਾਈ ਲੈਹਣਾ ਜੀ ਨੂੰ ਥਾਪ ਕੇ ਗੁਰੂ ਦੀ ਪਦਵੀ ਦਿਤੀ ਜਿਸ ਰਸਮ ਦੀ ਸਮਾਪਤੀ ਦਸ ਗੁਰੂ ਸਾਹਿਬਾਨਾਂ ਤੋਂ ਬਾਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਤਮ ਕਰ ਕੇ ਜੁਗੋ ਜੁਗ ਅਟਲ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਬਖਸ਼ ਦਿਤੀ ਇਸ ਪ੍ਰਕਾਰ ਹਮੇਸ਼ਾ ਲਈ ਦੇਹਿ ਧਾਰੀ ਗੁਰੂ ਦੀ ਖੰਡਨਾ ਕਰ ਦਿਤੀ।


## ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਸਮਾਗਮ ਦਾ

### -- ਪ੍ਰੋਗਰਾਮ —

੭-੧੨-੬੭ ਕੀਰਤਨ ਆਸਾ ਦੀ ਵਾਰ ਅਰੰਭ ਸ੍ਰੀ ਅਖੰਡ ਪਾਠ
੯-੧੨-੬੭ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਆਸਾ ਦੀ ਵਾਰ
੯-੧੨-੬੭ ਕੀਰਤਨ ਰੈਣ ਸਬਾਈ ਤੇ ਸਮਾਪਤੀ।

ਸੋ ਸਰਬਤ ਸੰਗਤਾਂ ਸਮੇਂ ਸਿਰ ਦਰਸ਼ਨ ਬਖਸ਼ਣ ਦੀ ਖੇਚਲਾ ਕਰਨ।

ਦਾਸਰੇ—ਨਿਰਬਾਣ ਕੀਰਤਨੀ ਜਥਾ, ਅੰਬਾਲਾ ਛਾਉਣੀ।

## ਸ਼ੁਭ ਅਨੰਦ ਕਾਰਜ

ਦਾਸ ਦੀ ਭੁਝੰਗਣ ਬੀਬੀ ਤ੍ਰਿਪਤ ਕੌਰ ਦਾ ਅਨੰਦ ਕਾਰਜ ਸ: ਗੁਰਿੰਦਰਪਾਲ ਸਿੰਘ ਸਪੁਤ੍ਰ ਸ: ਨਿਰੰਤਰ ਸਿੰਘ ਨਾਲ ਦਾਸ ਦੇ ਗ੍ਰਿਹ ਵਿਖੇ 19-11-67 ਦਿਨ ਐਤਵਾਰ ਨੂੰ ਹੋਣਾ ਨੀਅਤ ਹੋਇਆ ਹੈ। ਸੋ ਸਰਬਤ ਸੰਗਤਾਂ ਅਨੰਦ ਕਾਰਜ ਤੇ ਦਰਸ਼ਨ ਬਖ਼ਸ਼ ਕੇ ਧੰਨਵਾਦੀ ਬਨਾਉਣ।

ਦਾਸ—ਦੁਰਲਭ ਸਿੰਘ, 2416, ਦੁਰਗਾ ਚਰਨ ਰੋਡ, ਅੰਬਾਲਾ ਛਾਉਣੀ




www.AKJ.org

# ਗੁਰੂ ਨਾਨਕ—ਇਕ ਅਧਿਆਪਕ ਦੇ ਰੂਪ ਵਿਚ

(ਵਲੋਂ:—ਭਾਈ ਗੁਰਚਰਨ ਸਿੰਘ ਜੀ ਐਮ.ਏ. ਨੂਰਮਹਿਲ)

ਸਤਾਰਾਂ ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਦੇ ਅਰਥ ਹੀ 'ਹਨੇਰਾ ਮਿਟਾ ਕੇ ਚਾਨਣ ਦੇਣ ਵਾਲਾ' ਵਿਅਕਤੀ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ ਵੀ ਗੁਰੂ ਨਾਨਕ ਸਾਹਿਬ ਦੇ ਪਰਗਟ ਹੋਣ ਨਾਲ ਜੱਗ ਵਿਚੋਂ ਅਗਿਆਨਤਾ ਰੂਪੀ ਅੰਧੇਰ ਮਿੱਟ ਗਿਆ ਅਤੇ ਸਾਰੇ ਪਾਸੇ ਸੱਚ ਦਾ ਚਾਨਣ ਹੋ ਗਿਆ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਉਮਰ ਸਚੇ ਨਾਮ ਦਾ ਪ੍ਰਚਾਰ ਕੀਤਾ ਅਤੇ ਉਹਨਾਂ ਤੋਂ ਪਿਛੋਂ ਨੌਂ ਗੁਰੂ ਵਿਅਕਤੀਆਂ ਨੇ ਇਸੇ ਚਾਨਣ ਨੂੰ ਮਨੁੱਖਤਾ ਵਿਚ ਹੋਰ ਪੱਕਾ ਕੀਤਾ। ਅਜ ਵੀ ਗੁਰੂ ਸਾਹਿਬ ਦੇ ਜੀਵਨ ਕਰਤਵ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ 'ਧੁਰ ਕੀ ਬਾਣੀ' ਉਸੇ ਸੱਚ ਦਾ ਸੰਦੇਸ਼ ਦੇ ਰਹੀ ਹੈ,ਜਿਸ ਸੱਚ ਨੂੰ ਦਸ ਗੁਰੂ ਵਿਅਕਤੀਆਂ ਨੇ ਆਪਣੇ ਅਮਲੀ ਜੀਵਨ ਰਾਹੀਂ ਪਰਚਾਰਿਆ। ਅਜੋਕੇ ਯੁਗ ਵਿਚ ਬਾਣੀ ਹੀ ਗੁਰੂ ਹੈ। ਅਸੀਂ ਸਾਰੇ ਸਿਖ ਹਾਂ। ਸਿਖ ਦਾ ਲਫ਼ਜ਼ੀ ਅਰਥ 'ਸਿਖਣ ਵਾਲਾ' ਹੈ। ਸਾਰੀ ਦੁਨੀਆਂ ਨੂੰ ਜੇ ਅਸੀਂ ਇਕ ਸਕੂਲ ਮੰਨ ਲਈਏ, ਤਾਂ ਅਸੀਂ ਸਾਰੇ ਸਿਖਿਆਰਥੀ ਜਾਂ ਵਿਦਿਆਰਥੀ ਹਾਂ, ਜਿਨ੍ਹਾਂ ਨੇ ਗੁਰੂ ਨਾਨਕ ਰੂਪੀ ਅਧਿਆਪਕ ਤੋਂ ਸਿਖਿਆ ਲੈਕੇ ਇਸ ਥੋੜ-ਚਿਰੀ ਜੀਵਨ ਰੂਪੀ ਇਮਤਿਹਾਨ ਨੂੰ ਪਾਸ ਕਰਨਾ ਹੈ। ਜਿਵੇਂ ਇਕ ਵਿਦਿਆਰਥੀ ਚੌਦਾਂ ਸਾਲ ਪੜ੍ਹ ਕੇ ਬੀ.ਏ. ਦੀ ਡਿਗਰੀ ਪ੍ਰਾਪਤ ਕਰਦਾ ਹੈ—ਤਿਵੇਂ ਹੀ ਅਸੀਂ ਸਾਰੀ ਉਮਰ ਗੁਰੂ ਨਾਨਕ ਦੀ ਬਾਣੀ ਤੋਂ ਸਿਖਿਆ ਲੈ ਕੇ, ਸਿਖ ਬਣੇ ਰਹਿੰਦੇ ਹਾਂ, ਅਤੇ ਸਹਿਜੇ ਸਹਿਜੇ 'ਪਰਮ ਪਦ' ਦੀ ਡਿਗਰੀ ਪ੍ਰਾਪਤ ਕਰਦੇ ਹਾਂ। ਭਾਵੇਂ ਸੰਸਾਰਕ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਬੀ.ਏ., ਐਮ.ਏ. ਦੀਆਂ ਡਿਗਰੀਆਂ ਛੇਤੀ ਹੀ ਪ੍ਰਾਪਤ ਕਰ ਲੈਂਦੇ ਹਨ,ਪਰ ਧਰਮ ਦੇ ਖੇਤਰ ਵਿਚ 'ਪਰਮ-ਪਦ' ਦੀ ਡਿਗਰੀ ਪ੍ਰਾਪਤ ਕਰਨ ਲਈ ਉਸੇ ਤਰਾਂ ਹੀ ਸਿਖ, ਗੁਰਸਿੱਖ, ਸਿੰਘ, ਖਾਲਸਾ ਦੀਆਂ ਮੰਜ਼ਲਾਂ ਲੰਘਣੀਆਂ ਪੈਂਦੀਆਂ ਹਨ, ਜਿਵੇਂ ਐਮ ਏ. ਦੀ ਡਿਗਰੀ ਪ੍ਰਾਪਤ ਕਰਨ ਲਈ ਪ੍ਰਾਇਮਰੀ, ਮਿਡਲ, ਹਾਈ ਦੀਆਂ ਸਟੇਜਾਂ ਲੰਘਣੀਆਂ ਪੈਂਦੀਆਂ ਹਨ।

ਭਾਵੇਂ ਵੀਹਵੀਂ ਸਦੀ ਵਿਚ ਕਹਿਣ ਮਾਤਰ



www.AKJ.org

ਤਾਂ ਗੁਰੂ ਨਾਨਕ ਦੀ ਸਿਖਿਆ ਦਾ ਪਰਚਾਰ ਬਹੁਤ ਹੋ ਰਿਹਾ ਹੈ—ਪਰ ਫਿਰ ਵੀ ਚਾਰੇ ਪਾਸੇ ਕਲਜੁਗ ਦਾ ਬੋਲ ਬਾਲਾ ਹੈ। ਆਜ਼ਾਦੀ ਮਿਲਿਆਂ ਵੀਹ ਸਾਲ ਹੋ ਗਏ ਹਨ। ਗੁਰਦੁਆਰੇ ਆਜ਼ਾਦ ਹੋਇਆਂ ਚਾਲੀ ਸਾਲ ਹੋ ਗਏ ਹਨ। ਫ਼ਿਰ ਵੀ ਵਿਰਲੇ ਵਿਅਕਤੀਆਂ ਵਿਚੋਂ ਹੀ ਗੁਰੂ ਨਾਨਕ ਦੀ ਸਿਖਿਆ ਦੀ ਖੁਸ਼ਬੂ ਆ ਰਹੀ ਹੈ। ਵਿਸ਼ੇ-ਵਿਕਾਰ ਵਧਾਉਣ ਦੇ ਸਾਧਨ ਵਧ ਰਹੇ ਹਨ। ਰਿਸ਼ਵਤ ਖੋਰੀ-ਚੋਰ-ਬਾਜ਼ਾਰੀ ਦਾ ਬੋਲ-ਬਾਲਾ ਹੈ। ਆਚਰਣ ਹੀਣਤਾ ਵਧ ਰਹੀ ਹੈ। ਲੜਾਈਆਂ ਝਗੜੇ ਵਧ ਰਹੇ ਹਨ। ਸੰਜੀਦਾ ਤੇ ਗੰਭੀਰ ਗਲਾਂ ਨੂੰ ਸਾਡੇ ਵਿਦਿਆਰਥੀ ਸੁਣਦੇ ਹੀ ਨਹੀਂ। ਨੌਕਰੀ ਕਰਨ ਵਾਲੇ ਬਹੁਤੇ ਲੋਕ ਡੰਗ-ਟਪਾਊ ਕੰਮ ਕਰਦੇ ਹਨ। ਸਹਿਨਸ਼ੀਲਤਾ ਤੇ ਮਿਠਾਸ ਜਿਹੇ ਗੁਣ ਜਨ ਸਾਧਾਰਨ ਵਿਚੋਂ ਅਲੋਪ ਹੋ ਰਹੇ ਹਨ। ਭਾਵੇਂ ਬਾਹਰਲੀ ਮਿਠਾਸ ਹੈ, ਪਰ ਹਿਰਦੇ ਕਪਟੀ ਹਨ।

ਇਹ ਸਾਰਾ ਕੁਝ ਕਿਉਂ ? ਕਿਉਂਕਿ ਅਸਾਂ ਸਾਰਿਆਂ ਨੇ ਗੁਰੂ ਨਾਨਕ ਨੂੰ 'ਇਕ ਅਧਿਆਪਕ ਵਜੋਂ' ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸਾਡੇ ਸਰਕਾਰੀ ਲੀਡਰ, ਸਾਡੇ ਧਾਰਮਕ ਲੀਡਰ, ਮਾਇਆ ਅਤੇ ਚੌਧਰਾਂ ਪਿਛੇ ਲੱਗੇ ਹੋਏ ਹਨ। ਹਰ ਕੋਈ ਡੰਗ ਟਪਾਊ ਕੰਮ ਕਰ ਰਿਹਾ ਹੈ।

ਲੋੜ ਹੈ ਕਿ ਗੁਰੂ ਨਾਨਕ ਨੂੰ ਇਕ ਅਧਿਆਪਕ ਵਜੋਂ ਜਾਣਿਆ ਜਾਵੇ। ਗੁਰੂ ਨਾਨਕ ਦੀ ਸਿਖਿਆ ਨੂੰ ਸਕੂਲਾਂ ਕਾਲਜਾਂ ਦੀਆਂ ਪੜ੍ਹਾਈ ਪੁਸਤਕਾਂ ਦਾ ਜ਼ਰੂਰ ਅੰਗ ਬਣਾਇਆ ਜਾਵੇ। ਸਲੇਬਸ ਅਜਿਹੇ ਬਣਾਏ ਜਾਣ, ਕਿ ਗੁਰੂ ਨਾਨਕ ਦੇ ਸੁਨਹਿਰੀ ਅਸੂਲਾਂ ਨੂੰ, ਉਨ੍ਹਾਂ ਦਾ ਆਧਾਰ ਬਣਾਇਆ ਜਾਵੇ। ਗੁਰੂ ਨਾਨਕ ਦੀ ਸਿਖਿਆ ਨੂੰ ਨਿਰਾ ਅਖਬਾਰਾਂ, ਰਸਾਲਿਆਂ ਅਤੇ ਰੇਡੀਓ ਤਕ ਹੀ ਸੀਮਤ ਨਾ ਰਖਿਆ ਜਾਵੇ, ਸਗੋਂ ਸਲੇਬਸ ਬਣਾਉਣ ਵਾਲੇ ਐਜੂਕੇਸ਼ਨਿਸ਼ਟ ਅਜਿਹੇ ਹੋਣ, ਜਿਨਾਂ ਦੀ ਦ੍ਰਿਸ਼ਟੀ ਫਿਰਕੂ ਨਾ ਹੋਵੇ, ਜਿਨ੍ਹਾਂ ਦੇ ਦਿਲ ਵਿਚ ਭਾਰਤੀ ਵਿਦਿਆਰਥੀ ਦੇ ਭਵਿਖਸ਼ ਦਾ ਉਸਾਰੂ ਵਿਚਾਰ ਹੋਵੇ, ਜਿਨ੍ਹਾਂ ਦਾ ਅਮਲੀ ਜੀਵਨ ਅੰਦਰੋਂ ਬਾਹਰੋਂ ਗੁਰੂ ਨਾਨਕ ਦੀ ਸਿਖਿਆ ਅਨੁਸਾਰ ਢਲਿਆ ਹੋਵੇ।

ਸਾਡੇ ਸਲੇਬਸਾਂ 'ਚ ਧਾਰਮਕ ਸਿਖਿਆ ਵਖਰਾ ਮਜ਼ਮੂਨ ਨਾ ਹੋਵੇ, ਸਗੋਂ ਸਲੇਬਸਾ ਦਾ ਆਧਾਰ ਹੀ ਧਾਰਮਕ ਸਿਖਿਆ ਦੇ ਜ਼ਰੂਰੀ ਅਸੂਲ ਹੋਣ, ਤਾਂ ਹੀ ਮੇਰੇ ਭਾਰਤ ਦੇ ਵਿਦਿਆਰਥੀਆਂ ਦਾ ਪਾਰ ਉਤਾਰਾ ਹੋ ਸਕਦਾ ਹੈ, ਅਤੇ ਭਵਿਖ ਆਸ਼ਾ, ਭਰਪੂਰ ਹੋ ਸਕਦਾ ਹੈ।

ਹੁਣ ਅਸਾਂ ਜਾਨਣਾ ਹੈ ਕਿ ਕਿਹੜੀਆਂ ਸਿਖਿਆਵਾਂ ਗੁਰੂ ਨਾਨਕ ਨੇ ਇਕ ਅਧਿਆਪਕ ਵਜੋਂ ਸਾਨੂੰ ਦਿਤੀਆਂ ਹਨ, ਜਿਨ੍ਹਾਂ ਨੂੰ ਪੜ੍ਹਾਈ ਦੇ ਸਲੇਬਸਾਂ ਦਾ ਅਧਾਰ ਬਣਾਉਣਾ ਜ਼ਰੂਰੀ ਹੈ। ਗੁਰੂ ਜੀ ਨੇ ਸਿਖਿਆ ਦਾ ਮੂਲ ਤਾਂ ਉਦੋਂ ਹੀ ਛੇ ਸਾਲ ਦੀ ਉਮਰ ਵਿਚ ਦਸ ਦਿਤਾ, ਜਦੋਂ ਜਨੇਊ ਪਾਉਣ ਵੇਲੇ ਅਸਲੀ ਜਨੇਊ ਦੇ ਗੁਣ ਦਸੇ। ਆਪ ਨੇ ਦਸਿਆ:—

ਦਇਆ ਕਪਾਹ, ਸੰਤੋਖੁ ਸੂਤ;
ਜਤੁ ਗੰਢੀ ਸਤੁ ਵੱਟ ॥

ਉਪਰੋਕਤ ਵਾਕ ਤੋਂ ਸਪਸ਼ਟ ਹੈ ਕਿ ਸਾਡੀ ਸਿਖਿਆ ਅਜਿਹੀ ਹੋਵੇ, ਜਿਸ ਦੇ ਅਸਰ ਵਜੋਂ ਸਾਡੇ ਵਿਦਿਆਰਥੀ ਜੀਵਾਂ ਤੇ ਦਇਆ ਕਰ ਸਕਣ, ਸੰਤੋਖੀ ਜੀਵਨ ਬਿਤਾ ਸਕਣ, ਜੱਤੀ


www.AKJ.Org

ਸੱਤੀ ਰਹਿਕੇ ਬ੍ਰਹਮਚਾਰਯ ਕਮਾ ਸਕਣ, ਸਚਾਈ ਨੂੰ ਅਮਲੀ ਜੀਵਨ ਵਿਚ ਲਿਆ ਸਕਣ। ਸੱਚ ਦੀ ਮਹਾਨਤਾ ਨੂੰ ਸਮਝਦੇ ਹੋਏ ਸਾਧਾਰਨ ਜੀਵਨ ਵਿਚ ਸੱਚਾ ਆਚਾਰ ਨਿੱਭਾ ਸਕਣ। ਉਨ੍ਹਾਂ ਦੇ ਕੰਨਾਂ ਵਿਚ ਇਹ ਹੁਕਮ ਗੂੰਜਦਾ ਰਹੇ—

ਸਚਹੁ ਉਰੈ ਸਭੁ ਕੋ, ਉਪਰਿ ਸਚੁ ਆਚਾਰ। (ਮ:੧)

ਸਰੀਰਕ ਇੰਦਰੀਆਂ ਦੇ ਹੋਛੇ ਰੱਸਾਂ ਤੋਂ ਉੱਚੇ ਉਠਕੇ ਸਰੀਰ ਰੂਪੀ ਧਰਤੀ ਨੂੰ ਸਾਧ ਸਕਣ ਅਤੇ ਜੀਉਣ ਦੀ ਅਸਲੀ ਜੁਗਤ ਸਿਖ ਕੇ ਹਿਰਦੇ ਵਿੱਚ ਨਾਮ ਵਸਾ ਸਕਣ, ਜਿਵੇਂ ਹੁਕਮ ਹੈ—

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸ਼ਾਧਿ ਕੈ,
ਵਿਚਿ ਦੇਇ ਕਰਤਾ ਬੀਉ ॥ (ਆਸਾ ਦੀ ਵਾਰ)

ਮਿਠਾਸ ਤੇ ਨਿਮਰਤਾ ਨੂੰ ਸਭ ਗੁਣਾਂ ਦਾ ਨਿਚੋੜ ਮੰਨ ਕੇ ਅਮਲ ਵਿਚ ਲਿਆਂਦਾ ਜਾਵੇ। ਹਰ ਵਿਦਿਆਰਥੀ ਨੂੰ ਗਿਆਨ ਹੋਵੇ, ਕਿ—

ਨਾਨਕ ਫਿਕੇ ਬੋਲੀਐ ਤਨੁ ਮਨੁ ਫਿਕਾ ਹੋਇ ॥

ਇਸ ਤੋਂ ਬਿਨਾਂ ਸਾਰੇ ਸਿਖਿਆਰਥੀ ਮਿਹਨਤੀ ਬਨਣ। ਉਨ੍ਹਾਂ ਨੂੰ ਪਤਾ ਹੋਵੇ ਕਿ—

ਘਾਲ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹ ਪਛਾਣਹਿ ਸੇਇ ॥ (ਸਾਰੰਗ ਮ:੧)

ਹਰ ਵਿਦਿਆਰਥੀ ਨੂੰ ਸ਼ੁਭ ਗਣਾਂ ਦੀ, ਚੰਗੇ ਬੁਰੇ ਦੀ ਪਛਾਣ ਹੋਵੇ । ਉਤਮ ਸੰਗਤਿ ਕਰਕੇ ਉਹ ਸਦਾ ਹੀ ਗੁਣਵਾਨ ਬਣਨ। ਉਨ੍ਹਾਂ ਦੇ ਹਿਰਦੇ ਵਿਚ ਉਕਰਿਆ ਜਾਵੇ।

ਉਤਮ ਸੰਗਤਿ ਉਤਮ ਹੋਵੈ ॥
ਗੁਨ ਕਉ ਧਾਵੈ ਅਵਗੁਣ ਧੋਵੈ ॥ (ਆਸਾ ਮ: ੧)

ਸਾਡੇ ਵਿਦਿਆਰਥੀਆਂ ਨੂੰ ਇਹ ਵੀ ਗਿਆਨ ਹੋਵੇ ਕਿ ਨਿਰੀ ਕਿਤਾਬੀ ਪੜ੍ਹਾਈ ਹੀ ਕਾਫੀ ਨਹੀਂ, ਸਗੋਂ ਆਤਮਾਂ ਨੂੰ ਪੜ੍ਹਨਾ, ਖੋਜਣਾ ਵੀ ਜ਼ਰੂਰੀ ਹੈ, ਕਿਉਂਕਿ:—

"ਕਰਨੈ ਕਹਿਣ ਨ ਛੂਟੀਐ, ਨਾ ਪੜ ਪੁਸਤਕ ਭਾਰ। (ਮ: ੧)

ਸਾਡੇ ਵਿਦਿਆਰਥੀ ਜਿਥੇ ਘੱਟ ਬੋਲਣ, ਉੱਥੇ ਨਾਲ ਹੀ ਕਿਸੇ ਨੂੰ ਮੰਦਾ ਨਾ ਕਹਿਣ। ਕਿਉਂਕਿ ਹੁਕਮ ਹੈ:—

ਮੰਦਾ ਕਿਸੈ ਨ ਆਖ ਝਗੜਾ ਪਾਵਣਾ (ਵਡਹੰਸ ਮ: ੧)

ਜੇ ਸਕੂਲਾਂ ਵਿਚ ਹੀ ਵਿਦਿਆਰਥੀਆਂ ਨੂੰ ਚੋਰੀ ਕਰਨ, ਪਰਾਇਆ ਹੱਕ ਖਾਣ ਤੋਂ ਰੋਕਿਆ ਜਾਵੇ, ਤਾਂ ਹੀ ਵਡੇਰੀ ਉਮਰ ਵਿਚ ਉਹ ਰਿਸ਼ਵਤ ਖੋਰੀ ਤੋਂ ਬਚ ਸਕਦੇ ਹਨ।

ਜਿਥੇ ਵਿਦਿਆਰਥੀਆਂ ਨੂੰ ਸ੍ਵੈ-ਪਰਖ ਕਰਨੀ ਸਿਖਾਈ ਜਾਵੇ, ਲੋਕ-ਲਾਜ ਵਲੋਂ ਮੁਕਤ ਹੋ ਕੇ ਸ਼ੁਭ ਕਰਮ ਕਰਕੇ ਸਿਖਾਏ ਜਾਣ, ਗੁਰਮਤਿ ਅਨੁਸਾਰ ਠੀਕ ਪੜ੍ਹੇ ਲਿਖੇ ਦੇ ਗੁਣ ਸਮਝਾਏ ਜਾਣ, ਉਥੇ ਨਾਲ ਹੀ ਉਨ੍ਹਾਂ ਨੂੰ ਪਤਾ ਹੋਵੇ ਕਿ ਚੰਗੇ ਗੁਣਾਂ ਦਾ ਪਰਚਾਰ ਉੱਥੇ ਹੀ ਕੀਤਾ ਜਾਵੇ, ਜਿਥੇ ਕੋਈ ਚੰਗੇ ਗੁਣਾਂ ਦਾ ਗਾਹਕ ਹੋਵੇ। ਇਉਂ ਉਹ ਆਪਣੇ ਗੁਣਾਂ ਦੀ ਕਦਰ ਪੁਆ ਸਕਣਗੇ।

ਉਪਰੋਕਤ ਗੁਣਾਂ ਦੀ ਵਿਚਾਰ—ਹੈ ਤਾਂ 'ਨਗਾਰਖਾਨੇ ਵਿਚ ਤੂਤੀ ਵਜਾਉਣ ਵਾਲੀ ਗਲ', ਪਰ ਕੀ ਸਾਡੀ ਸਰਕਾਰ, ਕੀ ਸਾਡੇ ਲੀਡਰ, ਗੁਰੂ ਨਾਨਕ ਨੂੰ 'ਇਕ ਮਹਾਨ ਅਧਿਆਪਕ ਦੇ ਰੂਪ ਵਿਚ' ਵਿਚਾਰਨਗੇ, ਅਤੇ ਵਿਦਿਆਰਥੀਆਂ ਦਾ ਭਵਿੱਖ ਉਜਲਾ ਬਨਾਉਣਗੇ ?


www.AKJ.org

# ਜੀਵਨ ਗੁਰੂ ਨਾਨਕ ਦੇਵ ਜੀ

( ਗਿਆਨੀ ਦਿਆਲ ਸਿੰਘ ਜੀ ਪਟਿਆਲਾ )

ਸਤਿਗੁਰ ਨਾਨਕ ਜੀ ਦਾ ਪ੍ਰਕਾਸ਼ ਕੀ ਹੋਯਾ ? ਮਿਟੀ ਵਿਚ ਨੂਰ ਚਮਕ ਪਿਆ। ਪ੍ਰਕਾਸ਼ ਦੌਲਤਾਂ ਦਾਈ ਵੇਖਿਆ, ਵਿਸਮਾਦ ਵਿਚ ਆਈ ਹੈਂ ਇਹ ਕੀ ? ਇਕ ਚਾਨਣਾ ਜਿਸ ਨੇ ਸਾਰੇ ਥਾਂ ਨੂੰ ਰੋਸ਼ਨ ਕਰ ਦਿਤਾ ਮਾਤਾ ਤ੍ਰਿਪਤਾ ਵਿਸਮਾਦ ਹੋ ਗਈ, ਇਕ ਤੂਹੀ ਤੂਹੀ। ਪ੍ਰਕਾਸ਼ ਵਾਲੀ ਥਾਂ ਤੇ ਬੈਠਣ ਵਾਲਿਆਂ ਨੂੰ ਭਾਸਿਆ, ਬੈਠੇ ਦਿਸੇ ਪਿਤਾ ਕਾਲੂ ਜੀ, ਪੰਡਤ ਹਰਦਿਆਲ ਜੀ, ਚਾਚਾ ਲਾਲੂ ਜ਼ੀ, ਜਿਵੇਂ ਪਵਨ ਬਨਾਸਪਤੀ ਦੇ ਪਤਿਆਂ ਨੂੰ ਉਡਾਕੇ ਲੈ ਜਾਂਦੀ ਹੈ ਤਿਵੇਂ ਉਡੀ ਉਡੀ ਚਾਈਂ ਚਾਈਂ ਭੈਣ ਨਾਨਕੀ ਆਈ ਤਕ ਕੇ ਜਲਾਲ ਸਾਹਿਬਾਂ ਦਾ ਪ੍ਰਭਾਵਤ ਹੋਈ, ਇਕ ਨੂਰੀ ਜੋਤ। ਸਰਬ ਵਿਆਪੀ ਹੋ'ਦ। ਉਸ ਦੇ ਦਿੱਲ ਵਿੱਚ ਕਈ ਸ਼ਬਦ ਉਠੇ, ਚੁਪ ਵਿਚ ਸਾਰੇ ਸ਼ਬਦ 'ਤੂਹੀਂ ਨਿਰੰਕਾਰ' ਆਖ ਗੁਮ ਹੋ ਗਈ।

'ਰਾਇ ਬੁਲਾਰ ਦੀ ਰਾਇ ਭੁਇ ਦੀ ਤਲਵੰਡੀ' ਵਿੱਚ ਸੁਕੀਆਂ ਖੇਤੀਆਂ ਦੇ ਹਰੇ ਹੋਣ ਦੇ ਸੁਨੇਹੇ, ਸੱਪ ਦੀ ਛਾਵਾਂ ਦਾ ਅਲੌਕਿਕ ਕੌਤਕ, ਰਾਇਬੁਲਾਰ ਨੂੰ ਅੰਦਰਲੀਆਂ ਅੱਖਾਂ ਦੇ ਗਿਆ, ਸਚ ਮੁਚ, ਕਾਲੂ। ਸੁਣ। ਤੇਰਾ ਪੁਤਰ ਵਲੀ ਹੈ ਇਹ ਰਬ ਦਾ ਪਿਆਰਾ ਹੈ; ਇਹ ਸਾਧਾਰਨ ਮਨੁਖ ਨਹੀਂ।

'ਖਰੇ ਸੌਦੇ' ਦੀ ਸਾਖੀ ਨੇ ਸਪਸ਼ਟ ਕਰ ਦਿਤਾ, ਕਿ ਗੁਰੂ ਨਾਨਕ ਜੀ ਦੀ ਸੁਰਤ 'ਮਾਇਆ' ਵਿਚ ਨਹੀਂ 'ਕਰਤਾਰ' ਵਿੱਚ ਹੈ, ਪਰ ਮਾਇਆ ਰੂਪ 'ਕਾਲੂ' ਨੂੰ ਭੁਲੇਖੇ ਵਿੱਚ ਪਾਕੇ ਅਲੌਕਕ ਚੋਜ ਕਰਨ ਵਾਲੇ ਪ੍ਰਭੂ ਨੇ ਚਪੇੜਾਂ ਖਾ ਲਈਆਂ ਤੇ 'ਪਰ ਉਪਕਾਰ' ਦੁਖੀਆਂ ਲਈ ਸਹਾਇਤਾ ਦਾ ਆਦਰਸ਼ ਨਾ ਛਡਿਆ।

ਪੰਡਿਤ ਹਰਦਿਆਲ ਦੇ ਟੇਵੇ ਸੱਚੇ ਨਿਕਲੇ; 'ਕਾਲੂ' ਤੇਰਾ ਪੁਤਰ 'ਨਾਨਕ' ਕਲਜੁਗ ਵਿੱਚ ਅਵਤਾਰ ਹੋਕੇ ਪ੍ਰਗਟਿਆ ਹੈ, ਸਭ ਧਰਮਾਂ ਦੇ ਲੋਕ ਇਸ ਦੀ ਪੂਜਾ ਕਰਨਗੇ। ਪੰਡਤ ਬ੍ਰਿਜਲਾਲ ਸ਼ਾਸਤ੍ਰੀ ਪਾਂਧਾ ਗੋਪਾਲ, ਮੌਲਵੀ ਕੁਤਬ ਦੀਨ ਮੁਹੰਮਦ ਹੁਸੈਨ ਨੂੰ ਦਰਸ਼ਨ ਕਰਕੇ 'ਅਮਲ' 'ਸ਼ੁਭ ਅਮਲ' ਇਕ ਦੀ ਟੇਕ ਦੀ ਸੂਝ ਮਿਲੀ 'ਵਿਦਿਆ' ਵਿੱਚ ਇਕ ਚਾਨਣ ਪ੍ਰਾਪਤ ਹੋਇਆ, ਗਲਾਂ ਤੇ ਵੀਚਾਰਾਂ ਲੇਖੇ ਲਗੀਆਂ ਜਦੋਂ ਉਨ੍ਹਾਂ ਨੇ ਬਾਬੇ ਦੇ ਮੂੰਹੋਂ ਸੁਣਿਆ:—

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ
... ... ... ... ... ...
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥


www.AKJ.Org

ਵੈਦ ਹਰਦਾਸ ਦੀਆਂ ਅੱਖਾਂ ਖੁਲ੍ਹ ਗਈਆਂ ਜਦੋਂ ਬਾਬੇ ਨੇ ਫੁਰਮਾਇਆ, ਨਾਮ ਦੇ ਦਾਰੂ ਬਿਨਾ ਸਭ ਸੰਸਾਰ ਰੋਗੀ ਹੈ:—

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ।

ਦੀਦਾਰ ਅਭਿਲਾਸ਼ੀਆਂ ਨੂੰ ਕੇਵਲ ਦੀਦਾਰ ਦੀ ਚਾਹ ਹੀ ਹੁੰਦੀ ਹੈ, ਦੀਦਾਰ ਤੋਂ ਬਿਨਾ ਜੀਵਨ ਉਦਾਸ ਹੀ ਹੈ; 'ਦੀਦਾਰ' ਵੀ ਉਹ ਜਿਸ ਵਿਚ 'ਨੂਰੀ ਪ੍ਰਕਾਸ਼' ਇਕ ਰਸ ਹੋ ਜਾਵੇ। ਛੁਹ ਮਿਲੀ ਲਗਾ ਗੁਰੂ ਗੁਰੂ ਜਪਨ 'ਜਨੇਊ' ਗੁਰੂ ਨਾਨਕ ਨੇ ਨਾ ਪਾਇਆ, ਪੰਡਤ ਦੇ ਸ਼ੰਕੇ ਦੂਰ ਨਾ ਹੋਏ ਤਾਂ ਬੋਲਿਆ ਸ਼ਬਦ 'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟ' ਜਾਨਣ ਹਾਰੇ ਨੇ ਜਾਣਕਾਰੀ ਕਰਾ ਦਿਤੀ, ਸੱਚੇ ਜਨੇਊ ਦੀ। ਪੰਡਤ ਕਿਹਾ, ਕਾਲੂ ਤੇਰਾ ਪੁਤਰ ਵੇਦਾਂ ਨੂੰ ਨਹੀਂ ਮੰਨੇਗਾ ਤੇ ਏਹ ਆਪਣਾ ਵਖਰਾ ਪੰਥ ਚਲਾਏਗਾ।

ਮਾਤਾ ਤ੍ਰਿਪਤਾ ਜੀ ਦੀ ਉਦਾਸੀ ਵੇਖ ਬੋਲਿਆ:—

"ਆਖਾ ਜੀਵਾ ਵਿਸਰੈ ਮਰਿ ਜਾਉ"

ਪਿਤਾ ਕਾਲੂ ਨੂੰ ਸੋਰਠਿ ਮਹਲਾ ੧ 'ਮਨ ਹਾਲੀ ਕਿਰਸਾਣੀ ਕਰਣੀ' ਸ਼ਬਦ ਵਿਚ ਸਭ ਤੋਂ ਉਚੀ ਕਿਰਤ 'ਨਾਮ' ਜਪਣ ਦੀ ਦ੍ਰਿੜ ਕਰਾਈ ਘਰ ਉਦਾਸ ਵੇਖ ਪਿਤਾ ਨੇ 'ਭੈਣ ਨਾਨਕੀ' ਤੇ ਜੈ ਰਾਮ ਭਾਈਏ ਪਾਸ ਸੁਲਤਾਨਪੁਰ ਭੇਜ ਦਿਤਾ, ਆਪ ਜੀ ਨੂੰ ਮੋਦੀਖਾਨੇ ਵਿਚ ਨੌਕਰੀ ਮਿਲੀ ਸਚ ਬੋਲ, ਪੂਰਾ ਤੋਲ, ਸਭ ਤੇਰਾ ਹੀ ਤੇਰਾ। ਵਾਹਿਗੁਰੂ। ਨਾਨਕ ਤੇਰਾ ਬੰਦਾ' ਦੀ ਧੁਨ ਨੇ ਸਭ ਗਾਹਕਾਂ ਸਾਧੂਆਂ ਨੂੰ ਨਾਮ ਰੰਗਣ ਵਿਚ ਰੰਗ ਦਿਤਾ, 'ਵੇਈ ਨਦੀ' 'ਸੰਤ ਘਾਟ' ਪ੍ਰਸਿਧ ਹੈ, ਤਿੰਨ ਦਿਨ ਅਲੋਪ ਹੋਕੇ 'ਸਚ ਖੰਡ ਵਸੈ ਨਿਰੰਕਾਰ' ਵਲੋਂ ਸੰਦੇਸਾ ਲੈਕੇ ਆਏ।

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ 'ਸੋਦਰੁ' ਤੇ ਕੋਟਿ ਕੋਟੀ ਮੇਰੀ ਆਰਜਾ ਨਿਰੰਕਾਰ ਦੇ ਸਨਮੁਖ ਹੋਕੇ ਕਿਹਾ, ਫੇਰ ਚੁਪ ਵਰਤ ਗਈ ਫੇਰ ਬੋਲੇ:—

ਜਪੁ ॥ ਆਦਿ ਸਚੁ ॥ ਜੁਗਾਦਿ ਸਚੁ ॥ ਹੈਭੀ ਸਚੁ ॥ ਨਾਨਕ ਹੋਸੀ ਭੀ ਸਚੁ ॥

"ਬਾਬਾ ਪੈਂਧਾ ਸਚਖੰਡ ਨਉਨਿਧ ਨਾਮੁ ਗਰੀਬੀ ਪਾਈ"
"ਗੁਰਮੁਖ ਪਾਈ ਦਾਤ ਇਲਾਹੀ"
"ਚੜਿਆ ਸੋਧਨ ਧਰਤ ਲੁਕਾਈ' (ਭਾਈ ਗੁਰਦਾਸ)

ਕੀ ਕਹਾਂ ਤੇ ਕੀ ਛਡਾਂ ?

ਭਾਈ ਲਾਲੋ ਤੇ ਮਲਕ ਭਾਗੋ ਐਮਨਾਬਾਦ ਭਾਗਾਂ ਵਾਲੇ ਹੋਏ ਰੋੜੀ ਸਾਹਿਬ ਤੇ ਘਰ ਭਾਈ ਲਾਲੋ ਦਾ ਪੂਜਨੀਕ ਥਾਂ ਬਣ ਗਏ, ਸਾ ਧਰਤਿ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ' ਕੋਧਰੇ ਚੋਂ ਦੁਧ, ਪੂਰੀਆਂ ਚੋਂ ਲਹੂ ਵੇਖ ਸਭ ਦੇ ਮਨ ਦ੍ਰਵੇ ਗਏ, ਹਕ ਹਲਾਲ ਦੀ ਕਮਾਈ ਕਰਨ, ਸੱਚ ਬੋਲਣ, ਇਕ ਦੀ ਟੇਕ ਰਖਣ, ਵੰਡ ਕੇ ਛਕਣ ਦੀ ਸੋਝੀ ਸਾਰੇ ਐਮਨਾਬਾਦ ਦੇ ਬ੍ਰਹਮ ਭੋਜ ਵਿੱਚ ਜਾਣ ਵਾਲਿਆਂ ਨੂੰ ਹੋਈ। ਭਾਈ ਲਾਲੋ ਦੀ ਝੁਗੀ ਨੂੰ ਕਈ ਵਾਰ ਭਾਗ ਲਾਏ, ਪੰਜੀ ਦਿਨ ਉਥੇ ਠਹਿਰੇ। ਜਦੋਂ ਬਾਬਰ ਬਾਦਸ਼ਾਹ ਦੇ ਹੱਲੇ ਦੀ ਕਨਸੋ ਪਈ ਤਾਂ 'ਕਈ ਸ਼ਬਦ' ਜੈਸੀ ਮੈਂ ਆਵੈ ਖਸਮ ਕੀ ਬਾਣੀ' 'ਜਿਨਿ ਸਿਰਿ ਸੋਹਨਿ ਪਟੀਆ' 'ਖੁਰਾਸਾਨ ਖਸਮਾਨਾ ਕੀਆ' ਉਚਾਰ ਕੇ ਦੇਸ਼ ਵਾਸੀਆਂ ਨੂੰ ਹਲੂਣਾ ਦਿਤਾ।



www.AKJ.Org

ਸਜਣ ਠਗ ਨੂੰ ਤੁਲੰਬੇ ਜਾਕੇ ਠੱਗੀ ਤੋਂ ਹਟਾਇਆ ਇਕ ਸ਼ਬਦ ਰਾਹੀਂ 'ਉਜਲੁ ਕੈਹਾ ਚਿਲਕਣਾ, ਸੁਣਾ ਕੇ 'ਜੀਵਨ' ਪਲਟਾਇਆ ਧਰਮਸਾਲ ਬੱਧੀ। 'ਦੁਨੀ ਚੰਦ' ਨੂੰ 'ਆਸਾ ਦੀ ਵਾਰ' ਦੀਆਂ ਅਖੀਰਲੀਆਂ ਪੰਦਰਾਂ ਪਉੜੀਆਂ ਸੁਣਾ ਕੇ ਸਮਝਾਇਆ ਕਿ ਪਿਤਰ ਪੂਜਾ ਵਿਅਰਥ ਹੈ ਉਸ ਨੂੰ ਅਨੁਭਵ ਹੋਇਆ। 'ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ' 'ਮਨੁਖ ਬਾਰੰਬਾਰ ਵਾਸ਼ਨਾਂ ਅਨੁਸਾਰ ਜੰਮਦਾ ਮਰਦਾ ਹੈ, 'ਵਾਸ਼ਨਾ ਬਧਾ ਆਵੈ ਜਾਇ' ਜਦੋਂ ਮਨ ਵਿਚ ਵਾਸ਼ਨਾਂ ਦੀ ਥਾਂ ਵਾਹਿਗੁਰੂ ਸ਼ਬਦ ਦਾ ਨਿਵਾਸ ਹੋ ਜਾਂਦਾ ਹੈ ਤਾਂ ਹੁਕਮੀ ਬਣ ਜਾਂਦਾ ਹੈ ਜਦੋਂ ਹੁਕਮ ਬੂਝ ਲਿਆ ਤਾਂ ਹਉਮੈ ਦਾ ਨਾਸ਼ ਹੋ ਜਾਂਦਾ ਹੈ:—

"ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨ ਕੋਇ"

'ਹਉਮੈ ਵਿੱਚ ਕੀਤਾ ਭਜਨੁ ਦਾਨ ਥਾਏਂ ਨਹੀਂ ਪੈਂਦਾ ਅਜੇਹੇ ਬਚਨਾਂ ਨੇ ਦੁਨੀ ਚੰਦ ਤੇ ਉਸ ਦੇ ਨਾਲ ਦੇ ਬੈਠੇ ਸਾਥੀਆਂ ਨੇ, ਸੁਣ ਕੇ ਗੁਰੂ ਨਾਨਕ ਦੇਵ ਜੀ ਦੇ ਚਰਨ ਫੜ ਲਏ, ਫੇਰ ਗੁਰੂ ਬੋਲਿਆ। ਸੂਈ, ਜੋ ਤੁਹਾਨੂੰ ਦਿਤੀ ਸੀ ਤੇ ਤੁਸੀਂ ਹੁਣੇ ਮੋੜਕੇ ਲੈ ਆਏ ਹੋ ਸਮਝ ਗਏ ਹੋ ਨਾ ਮੇਰੀ ਗਲ ਨਾਲ ਸਰੀਰ ਦੇ ਕੋਈ ਵਸਤੂ ਨਹੀਂ ਜਾਂਦੀ ਬਿਨਸਨ ਹਾਰ ਜਗਤ ਦੀ ਵਚਿਤ੍ਰ ਮਾਇਆ ਵਿਚ ਪਿਆਰੇ ਕਰਤਾਰ ਨੂੰ ਚੇਤੇ ਰਖਣਾ ਬਾਬਾ ਉਥੋਂ ਸੰਸਾਰ ਤਾਰਨ ਨੂੰ ਨਿਕਲ ਗਿਆ।

ਸਿਧਾਂ ਗੋਰਖ ਨਾਥ, ਭਰਥਰੀ, ਮੰਗਲ ਨੇ ਦਰਸ਼ਨ ਕਰਕੇ ਏਹ ਜਾਣਿਆ 'ਰਿਧੀਆਂ ਸਿਧੀਆਂ ਵਾਧੂ ਸੁਆਦ ਹਨ' 'ਬਾਝੋਂ ਸਚੇ ਨਾਮੁ' ਦੇ ਬਾਬੇ ਨਾਨਕ ਪਾਸ ਹੋਰ ਕੋਈ ਵੀਚਾਰ ਨਹੀਂ, 'ਸਿਧ ਗੋਸਟਿ' ਬਾਣੀ ਨੇ ਸੁਮੇਰ ਪਰਬਤ ਤੇ ਅਚਲ ਵਟਾਲੇ ਵਿਚ, ਤੇ 'ਜਪੁਜੀ' ਸਾਹਿਬ ਨੇ ਉਹ ਕਰਾਮਾਤ ਵਿਖਾਈ ਜੋ ਸਿਧ ਚਰਨੀਂ ਢੱਠੇ, ਮੁਰੀਦ ਹੋਏ।

'ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ।'

ਭਾਈ ਗੁਰਦਾਸ ਜੀ ਨੇ ਲਿਖ ਕੇ ਸਪਸ਼ਟ ਕਰ ਦਿਤਾ ਕਿ ਗੁਰੂ ਨਾਨਕ 'ਨਿਰਮਲ ਪੰਥ' ਨੇ ਸਿਧਾਂ ਤੇ ਵਿਜੈ ਪ੍ਰਾਪਤ ਕੀਤੀ ਹੈ।

'ਕੁਰਸ਼ੇਤਰ' ਨਾਨੂ ਪੰਡਤ ਨੂੰ 'ਮਾਸੁ ਮਾਸੁ ਕਰਿ ਮੂਰਖੁ ਝਗੜੇ'। 'ਜਗਨ ਨਾਥ ਪੁਰੀ' ਵਿਚ ਆਰਤੀ 'ਗਗਨ ਮੈ ਥਾਲੁ' ਨੇ ਉਹਨਾਂ ਦੇ ਭਰਮ ਦੂਰ ਕਰ ਦਿਤੇ।

ਗੰਗਾ ਲਹਿੰਦੇ ਪਾਸੇ ਖੇਤੀ ਨੂੰ ਪਾਣੀ ਦੇਣਾ, ਪੰਡਤਾਂ ਨੂੰ ਸਿਖਿਆ ਦੇਣ ਲਈ ਕਿ ਪਿਤਰਾਂ ਨੂੰ ਪਾਣੀ ਸੂਰਜ ਰਾਹੀਂ ਨਹੀਂ ਪੁਜ ਸਕਦਾ, ਪਛਤਾਵੇ ਵਿਚ ਪਾ ਦਿਤਾ।

ਬਾਬੇ ਦੀ ਬੇਰ ਸਿਆਲਕੋਟ ਪੀਰ ਹਮਜ਼ਾ ਗੌਸ ਦਾ ਚਿੱਲਾ ਹਟਵਾ ਦਿਤਾ ਤੇ ਕਿਹਾ, ਇਕ ਸੇਵਕ ਦੀ ਮਨੌਤ ਨਾ ਦੇਣ ਬਦਲੇ ਸਾਰੇ ਸ਼ਹਿਰ ਨੂੰ ਗ਼ਰਕ ਕਰਨਾ ਰੱਬ ਦੀ ਨਜ਼ਰਾਂ ਵਿਚ ਪਾਪ ਹੈ; ਕ੍ਰੋਧ ਤੇ ਭਗਤੀ ਦੋਵੇਂ ਇਕ ਹਿਰਦੇ ਵਿਚ ਨਿਵਾਸ ਨਹੀਂ ਕਰ ਸਕਦੇ, ਇਕੋ ਹੀ ਵਸਤ ਰਹੇਗੀ, ਕ੍ਰੋਧ ਜਾਂ ਭਗਤੀ, ਤੁਸੀਂ ਭਗਤ (ਫ਼ਕੀਰ ਹੋ) ਭਗਤੀ ਨੂੰ ਹੀ ਹਿਰਦੇ ਵਿਚ ਰਖੋ। ਕ੍ਰੋਧ ਹਟਾ ਦਿਉ, ਭਗਤੀ ਤਾਂ ਪ੍ਰੇਮ ਤੇ ਸ਼ਰਧਾ ਦਾ ਨਾਂ ਹੈ, ਇਕੋ ਦੀ ਭਗਤੀ; ਇਕੋ ਨਾਲ ਪ੍ਰੇਮ ਤੇ ਇਕ ਦੀ ਸ਼ਰਧਾ, "ਸਭ ਏਕੁ ਹੈ' ਦੁਤੀਆ ਨਾਸਤ, ਸੁਣਕੇ, ਮੰਨਕੇ, ਨਿਹਾਲ ਹੋਇਆ, ਧਨ ਗੁਰੂ ਨਾਨਕ ! ਪੀਰ, ਮਥਾ ਟੇਕਿਆ ਵਾਹ ! ਗੁਰੂ ਨਾਨਕ !



www.AKJ.Org

'ਅਨਭਾ' ਸਰੇਵੜੇ ਨੂੰ 'ਸਿਰ ਖੋਹਾਇ ਪੀਅਹਿ ਮਲਵਾਣੀ।' ਪਟਨੇ ਵਿਚ ਸਾਲਸ ਰਾਇ ਜੌਹਰੀ ਨੂੰ ਨਾਮ 'ਹੀਰਾ ਲਾਲੁ ਅਮੋਲਕੁ ਹੈ ਭਾਰੀ।' ਨੂਰਸ਼ਾਹ ਜਾਦੂਗਰਨੀ ਨੂੰ 'ਮੰਞੁ ਕੁਚਜੀ ਅੰਮਾਵਣਿ ਡੋਸੜੇ।' 'ਝੰਡੇ ਬਾਢੀ' ਨੂੰ 'ਈਂਧਨ ਤੇ ਬੈਸੰਤਰ ਭਾਗੈ।' ਮਕੇ ਮਦੀਨੇ, ਬਗ਼ਦਾਦ ਤੇ ਸਫ਼ਰ ਵਿਚ 'ਮੁਕਾਮੁ ਕਰਿ ਘਰਿ ਬੈਸਣਾ।' 'ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ।' 'ਨਿਤ ਚਲਣੈ ਕੀ ਧੋਖ।' ਮਥਰਾ ਵਿਚ 'ਸੇਈ ਚੰਦੁ ਚੜਹਿ ਸੇ ਤਾਰੇ' ਗੁਰੂ ਨਾਨਕ ਛੁਹ ਦੇ ਸੂਚਕ ਹਨ।

ਬਠਿੰਡੇ ਅਬਦੁਲ ਸ਼ਕੂਰ ਨੂੰ 'ਕਰ ਹੈ ਕਿਰਤ ਮਾਹਿ, ਮਨ ਕਰਤਾਰ ਮਾਹਿ' ਦਾ ਉਪਦੇਸ਼ ਤੇ ਰਾਜੇ ਸ਼ਿਵਨਾਭ ਨੂੰ ਲੰਕਾ ਵਿਚ ਹੁਕਮ ਮੰਨਣ ਦੀ ਮਹਾਨਤਾ,ਕੌਡੇ ਰਾਕਸ਼,ਭੂਮੀਏ ਚੋਰ ਤੇ ਦਿਆਲਤਾ ਆਦਿਕ ਅਜੇਹੀਆਂ ਇਤਿਹਾਸਕ ਨਿਸ਼ਾਨੀਆਂ ਹਨ ਜੋ ਸਦਾ ਹੀ, ਪਾਪੀਆਂ, ਕੁਕਰਮੀਆਂ ਮਨੁਖਾਂ ਨੂੰ ਹਲੂਣ ਕੇ 'ਗੁਰੂ ਨਾਨਕ' ਨਾਲ ਜੋੜਨਗੀਆਂ। ਸ੍ਰੀ ਪੰਜਾ ਸਾਹਿਬ, ਰੇਠਾ ਸਾਹਿਬ, ਝੇਰਾ ਸਾਹਿਬ ਵਿਚ ਗੁਰੂ ਨਾਨਕ ਜੋਤ ਰੂਪ ਨਿਰੰਕਾਰ ਵਿਚ ਆਈ ਸ਼ਕਤੀ ਨੂੰ ਸਦਾ ਹੀ ਸ਼ਰਧਾਲੂਆਂ ਲਈ ਅਮੁਕ ਪਿਆਰਾਂ ਦਾ ਸੋਮਾਂ ਕਾਇਮ ਕਰਨਗੀਆਂ।

ਕਰਤਾਰਪੁਰ ਰਾਵੀ ਦੇ ਕੰਢੇ 'ਸਤ ਕਰਤਾਰ' ਦੀ ਗੂੰਜ ਦੇ ਰਿਹਾ ਹੈ, ਕਰਤਾਰ ਵਲੋਂ ਸੌਂਪੀ ਕਾਰ 'ਬਾਬੇ ਤਾਰੇ ਚਾਰ ਚਕ ਨੌਖੰਡ ਪ੍ਰਿਥਮੀ ਸਚਾ ਢੋਆ।' (ਭਾਈ ਗੁਰਦਾਸ ਜੀ)

ਸੰਪੂਰਨ ਕਰਕੇ 'ਜੋਤੀ ਜੋਤਿ ਰਲੀ ਸੰਪੂਰਣ ਥੀਆ ਰਾਮ' ਸੱਤਰ ਸਾਲ ਸਤਿਨਾਮ ਪੜ੍ਹ ਮੰਤ੍ਰ ਸੁਣਾਇਆ, ਬਾਬਾ ਲਹਿਣਾ ਗੁਰੂ ਨਾਨਕ ਜੋਤ ਨਾਲ ਮਿਲ ਚੁਕਾ, ਧੁਰੋਂ ਬਖਸ਼ਸ਼ ਹੋਈ ਗੱਦੀ ਤੇ ਬਿਠਾਇਆ ਤੇ ਸਿਖ ਧਰਮ ਦੇ ਬਾਨੀ ਨੇ ਆਪਣੇ ਨੌਂ ਚੋਲੇ ਧਾਰਕੇ ਦਸਮ ਗੁਰੂ ਹੋ ਕੇ ਰੂਪ ਗੁਰੂ ਗ੍ਰੰਥ ਤੇ ਪੰਥ ਹੋ ਪ੍ਰਗਟੇ।

## ਉਦਾਸੀਆਂ

ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਨੂੰ ਕਰਤਾਰ ਨਾਲ ਜੋੜਨ ਲਈ ਧਰਮ ਪ੍ਰਚਾਰ ਫੇਰੀਆਂ (ਉਦਾਸੀਆਂ) ਕੀਤੀਆਂ।

੧. ਪਹਿਲੀ ਉਦਾਸੀ ਪੂਰਬ ਦਿਸ਼ਾ ਦੀ, ਸੰਮਤ ੧੫੫੪ ਵਿੱਚ ਸੁਲਤਾਨਪੁਰ ਲੋਧੀ ਤੋਂ ਅਰੰਭ ਕੀਤੀ ਤੇ ਹੇਠ ਲਿਖੇ ਅਸਥਾਨਾਂ ਤੇ ਚਰਨ ਪਾਏ:—

ਸੈਦਪੁਰ (ਏਮਨਾਬਾਦ) ਭਾਈ ਲਾਲੋ ਪਾਸ ਠਹਿਰੇ, ਤੁਲੰਭੇ ਸਜਣ ਠੱਗ ਦਾ ਉਧਾਰ ਕੀਤਾ। ਕੁਰੂਕਸ਼ੇਤ੍ਰ ਸੂਰਜ ਗ੍ਰਹਿਣ ਤੇ ਨਾਨੂੰ ਪੰਡਤ ਨੂੰ ਉਪਦੇਸ਼ ਦਿੱਤਾ ਪਾਨੀਪਤ ਕਰਨਾਲ ਸ਼ੇਖਤਾਹਰ ਨੂੰ ਮਿਲੇ। ਦਿੱਲੀ ਬਾਦਸ਼ਾਹ ਇਬਰਾਹੀਮ ਲੋਧੀ ਨੂੰ ਮਿਲੇ। ਹਰਦੁਆਰ ਪੰਡਤਾਂ ਦੇ ਭਰਮ ਦੂਰ ਕੀਤੇ। ਮੁਰਾਦਾਬਾਦ ਤੋਂ ਗੋਰਖ ਮਤੇ ਜੋਗੀਆਂ ਨੂੰ ਨਿਵਾਇਆ। ਮਥਰਾ ਬਿੰਦਰਾਬਨ ਵਿੱਚ ਕ੍ਰਿਸ਼ਨ ਲੀਲ੍ਹਾ ਦੇ ਪੁਜਾਰੀਆਂ ਨੂੰ ਉਪਦੇਸ਼ ਦਿਤਾ। ਬਨਾਰਸ ਵਿਚ ਪੰਡਤਾਂ ਨੂੰ ਹਰਿਨਾਮੁ-ਮਹਿਮਾ ਸੁਣਾਈ। ਪਟਨੇ ਵਿਚ ਸਾਲਸ ਰਾਇ ਜੌਹਰੀ ਨੂੰ ਸਿੱਖੀ ਬਖਸ਼ੀ। ਗਯਾ ਪਿਤਰ-ਗਤੀ ਦਾ ਭਰਮ ਦੂਰ ਕੀਤਾ। ਆਸਾਮ(ਕਾਮਰੂਪ) ਨੂਰਸ਼ਾਹ ਜਾਦੂਗਰਨੀ ਨੂੰ ਉਪਦੇਸ਼ ਦਿੱਤਾ। ਚਿੱਟਾ-ਗੰਗ ਜਾ ਕੇ ਰਾਜੇ ਨੂੰ ਨਿਹਾਲ ਕੀਤਾ। ਜਗਨ ਨਾਥ ਸੱਚੀ ਆਰਤੀ 'ਗਗਨ ਮਹਿ ਥਾਲ' ਸੁਣਾਈ। ਕੱਟਕ ਭੈਰੋਂ ਦੇ ਪੁਜਾਰੀ ਨੂੰ ਤਾਰਿਆ। ਆਗਰੇ ਮਾਈ ਜੱਸੀ ਨੂੰ ਨਾਮੁ ਸਿਮਰਨ ਦੀ ਮਹਿਮਾ


www.AKJ.org

ਸੁਣਾਈ। ਰੁਹੇਲਖੰਡ ਗੁਲਾਮ ਛੁਡਾਏ। ਦੁਨੀ ਚੰਦ ਤਾਰਿਆ, ਸਰਾਧ ਖੰਡਨ, ਉਪਦੇਸ਼ ਦਿਤਾ। ਲਾਹੌਰ, ਪਾਕਪਟਨ ਸ਼ੇਖ ਬ੍ਰਹਮ ਨਾਲ ਆਸਾ ਦੀ ਵਾਰ ਦੀਆਂ ਪਹਿਲੀਆਂ ੯ ਪਉੜੀਆਂ ਉਚਾਰਨ ਕੀਤੀਆਂ। ਦੀਪਾਲਪੁਰ ਕੋਹੜੀ ਦਾ ਉਧਾਰ ਕੀਤਾ। ਕੀਰਤਪੁਰ ਸਾਂਈਂ ਬੁਢਣਸ਼ਾਹ ਨੂੰ ਸਤਿਸੰਗ ਦੀ ਮਹਿਮਾ ਸੁਣਾਈ। ਸਿਆਲਕੋਟ ਪੀਰ ਹਮਜ਼ਾਗੌਂਸ ਦਾ ਹੰਕਾਰ ਦੂਰ ਕੀਤਾ।

ਮਿਠਨਕੋਟ ਮੀਆਂ ਮਿਠੇ ਨੂੰ ੧ੴ ਦਾ ਉਪਦੇਸ਼ ਦਿਤਾ। ਪੱਖੋਕੇ ਰੰਧਾਵੇ ਆਪਣੇ ਸਹੁਰੇ ਘਰ ਰਾਵੀ ਦੇ ਕਿਨਾਰੇ ਟਿਕਾਣਾ ਕਰਕੇ ਨਾਮ—ਕਰਤਾਰਪੁਰ ਰਖਿਆ।

੨ ਦੂਜੀ ਉਦਾਸੀ ਦੱਖਣ ਦਿਸ਼ਾ ਨੂੰ ਸੰਮਤ ੧੫੬੭ ਵਿੱਚ ਅਰੰਭ ਕੀਤੀ।

ਕਰਤਾਰਪੁਰ ਤੋਂ ਸੁਲਤਾਨਪੁਰ ਪੁਜੇ। ਫੇਰ ਬਠਿੰਡੇ ਅਤੇ ਭਟਨੇਰ (ਹਨੂਮਾਨਗੜ੍ਹ) ਤੋਂ ਸਰਸੇ ਆਏ। ਅਬਦੁੱਲ ਸ਼ਕੂਰ ਨੂੰ ਸਹਿਜ ਜੋਗ ਦਾ ਉਪਦੇਸ਼ ਦਿੱਤਾ। ਬੀਕਾਨੇਰ ਦੇ ਇਲਾਕੇ ਵਿੱਚ ਇਕ ਸਰੇਵੜੇ ਨੂੰ 'ਸਿਰੁ ਖੋਹਾਇ ਪੀਅਹਿ ਮਲਵਾਣੀ' ਮਾਝ ਮਹਲਾ ੧

ਸ਼ਬਦ ਰਾਹੀਂ ਉਪਦੇਸ਼ ਕੀਤਾ। ਵਿੰਧਿਆ ਚਲ ਦੇ ਦੱਖਣੀ ਜੰਗਲਾਂ ਵਿੱਚ ਜਾ ਕੇ ਕੌਡੇ ਰਾਕਸ਼ ਨੂੰ ਤਾਰਿਆ। ਸੰਗਲਾ ਦੀਪ ਰਾਜਾ ਸ਼ਿਵਨਾਭ ਦੀ ਦਰਸ਼ਨ-ਸਿਕ ਪੂਰੀ ਕੀਤੀ। ਕਜਲੀ ਬਨ ਵਿੱਚ ਭਰਥਰੀ ਜੋਗੀ ਨੂੰ ਆਤਮਕ ਉਪਦੇਸ਼ ਦਿਤਾ। ਸਿਧ ਜੋਗੀਆਂ ਨੂੰ ਗ੍ਰਹਿਸਤ ਧਰਮ ਤੇ ਸਹਜ-ਜੋਗ ਦੀ ਵਡਿਆਈ ਦੱਸੀ। ਸਮੁੰਦਰ ਦੇ ਪਛਮੀ ਘਾਟ ਦੇ ਨਾਲ ਨਾਲ ਮਾਲਾਬਾਰ, ਗੁਜਰਾਤ ਬੰਬਈ ਤੋਂ ਸਿੰਧ ਰਾਹੀਂ ਬਹਾਵਲ ਪੁਰ ਉੱਚ ਦੇ ਪੀਰਾਂ ਪਾਸ ਆਏ ਬਹਾਵਲਪੁਰ ਪੀਰਾਂ ਨੂੰ ਮਾਇਆ 'ਮੁਰਦਾਰ' ਦੱਸ ਕੇ ਨਾਮ ਸਿਮਰਨ ਦੀ ਪ੍ਰੇਰਨਾ ਕੀਤੀ।

੩ ਤੀਜੀ ਉਦਾਸੀ ਉਤਰ ਦਿਸ਼ਾ ਨੂੰ ਸੰਮਤ ੧੫੭੧ ਵਿਚ ਅਰੰਭ ਕੀਤੀ। ਭਾਈ ਸ਼ੀਹਾਂ, ਹਸੂ ਨਾਲ ਸਨ। ਕਰਤਾਰ ਪੁਰ ਤੋਂ ਜਮੂੰ ਦੇ ਰਸਤੇ ਮਟਨ ਸਾਹਿਬ ਚਸ਼ਮੇਂ ਆ ਠਹਿਰੇ। ਬਦਰੀਨਾਥ, ਸਪਤ ਸ੍ਰਿੰਗ ਸੁਮੇਰ ਸਿਧ ਮੰਡਲੀ ਨੂੰ 'ਵਾਹਿਗੁਰੂ' ਸਰਬ ਸ਼ਕਤੀਵਾਨ ਦੀ ਮਹਿਮਾ ਸੁਣਾਈ।

੪ ਚੌਥੀ ਉਦਾਸੀ ਪੱਛਮ ਦਿਸ਼ਾ ਦੀ ਸੰਮਤ ੧੫੭੫ ਵਿੱਚ ਅਰੰਭ ਕੀਤੀ। ਕਰਤਾਰਪੁਰ ਤੋਂ ਸਿਆਲਕੋਟ ਮੂਲੇ ਖੱਤਰੀ ਦੀ ਮੌਤ ਵੇਖੀ। ਕਟਾਸ਼ਰਾਜ ਵਿਸਾਖੀ ਦੇ ਮੇਲੇ ਜੋਗੀਆਂ ਤੇ ਸੰਨਿਆਸੀਆਂ ਨੂੰ ਸੱਚੇ ਵੈਰਾਗ ਤੇ ਮੰਦ ਵੈਰਾਗ ਦਾ ਨਿਰਣਾ ਕਰਕੇ ਦਸਿਆ। ਟਿੱਲਾ ਬਾਲਗੁੰਦਾਈ ਰੁਹਤਾਸ ਜੋਗੀ ਨੂੰ ਨਾਮ ਸਿਮਰਨ ਨਾਲ ਜੋੜਿਆ। ਮੱਕਾ, ਮਦੀਨਾ ਬਗਦਾਦ ਕੰਧਾਰ, ਕਾਬਲ ਦਾ ਰਟਨ ਕਰਦੇ ਹੋਏ ਪੰਜਾ ਸਾਹਿਬ ਦੇ ਵਲੀ ਕੰਧਾਰੀ ਨੂੰ 'ਵਾਹਿਗੁਰੂ' ਸਰਬ ਵਿਆਪੀ ਤੇ ਸਰਬ ਸ਼ਕਤੀ ਵਾਨ ਦਸਿਆ। ਸੈਦਪੁਰ ਦੀ ਤਬਾਹੀ ਦੀ ਭਵਿਖਤ ਬਾਣੀ ਭਾਈ ਲਾਲੋ ਨੂੰ ਸੁਣਾਈ। ਸ਼ਹੁ ਸੁਹਾਗਨ ਭੂਮੀਆ,ਝੰਡਾ ਬਾਢੀ, ਅਲੀਬਾਰ, ਬਾਬਰ ਨੂੰ ਦਰਸ਼ਨ ਦੇ ਕੇ ਸੱਚ ਦਾ ਉਪਦੇਸ਼ ਦਿਤਾ।

ਅਚਲ ਵਟਾਲੇ ਸਿਧਾਂ ਨੂੰ ਗੁਰਮਤਿ ਸਿਧਾਂਤ ਦ੍ਰਿੜ ਕਰਾਏ। 'ਸਿਧ ਗੋਸਟਿ ਤੇ 'ਜਪੁਜੀ ਦਾ ਉਪਦੇਸ਼ ਕੀਤਾ। ਮੁਲਤਾਨ ਦੇ ਪੀਰਾਂ ਨੂੰ ਦਰਸ਼ਨ ਦਿਤੇ। ਉਨ੍ਹਾਂ ਵਲੋਂ ਦੁੱਧ ਦਾ ਕਟੋਰਾ ਪੇਸ਼ ਹੋਇਆ, ਚੰਬੇਲੀ ਦਾ ਫੁਲ ਵਿੱਚ ਰਖਕੇ ਰਮਜ਼ ਸਮਝਾਈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸੱਚਾ ਢੋਆ।' ਗੁਰ ਗੱਦੀ ਭਾਈ ਲੈਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਨੂੰ ਬਖਸ਼ ਕੇ ਅਸੂ ਵਦੀ ੧੦ ਸੰਮਤ ੧੫੯੬ ਨੂੰ ਕਰਤਾਰਪੁਰ ਜੋਤੀ ਜੋਤ ਸਮਾਏ। —o—


www.AKJ.Org

# ਗੁਰੂ ਨਾਨਕ ਦਾ ਕਲਾਮ

(ਵਲੋਂ:—ਭਾਈ ਸਤਿਨਾਮ ਸਿੰਘ ਜੀ ਲੁਧਿਆਣਾ)

ਗੁਰਬਾਣੀ ਵਲਵਲਾਤਮਿਕ ਰਹੱਸ ਏ, ਤੇ ਇਸ ਦੀਆਂ ਰਹੱਸਮਈ ਭਾਵਨਾਵਾਂ ਆਪਣੀ ਵਿਸ਼ੇਸ਼ ਸ਼ੈਲੀ ਉਘੇੜਦੀਆਂ ਨੇ। ਇਸ ਵਲਵਲਾਤਮਿਕ ਰਹੱਸ ਦੀ ਸਿਖਰ 'ਕਲਮ' ਭਾਵ ਬਾਣੀ ਗੁਰੂ ਬਾਬੇ ਦੇ ਬਚਪਨ ਤੋਂ ਹੀ ਉਹਨਾਂ ਨਾਲ ਰਹੀ। ਗੁਰੂ ਸਾਹਿਬ ਆਪਣੀ ਗੁਰਮਤ-ਫਿਲਾਸਫੀ ਦਾ ਉਘੇੜ, ਨਵੀਆਂ ਉਧੇੜ ਬੁਣਾਂ ਲਈ ਸੁਲਝਾਅ; ਹੋਰਨਾਂ ਫਿਰਕਿਆਂ, ਕੌਮਾਂ ਤੇ ਧਰਮਾਂ ਦੇ ਅਸੂਲਾਂ (ਫੋਕਟ) ਤੇ ਆਲੋਚਨਾਤਮਿਕ ਘਿਰਣਾ ਆਪਣੇ ਕਲਮ ਦੀ ਗੂੰਜ ਹੇਠਾਂ ਹੀ ਪ੍ਰਚਾਰਦੇ ਰਹੇ।

ਸਿਖ ਧਰਮ ਤੇ ਦਸਾਂ ਗੁਰੂਆਂ ਦਾ ਮੁਖ ਫਲਸਫਾ ਜੋ ਸਾਰੇ ਮਤਾਂ, ਮਤਾਂਦਰਾਂ, ਧਰਮਾਂ ਕੌਮਾਂ ਤੇ ਕਬੀਲਿਆਂ ਦੇ ਅਸੂਲ ਆਪਣੇ ਅੰਦਰ ਜਜ਼ਬ ਕਰ ਸਕਿਆ ਉਹ ਸੀ 'ਸ਼ਬਦ-ਗੁਰ-ਪੀਰਾ ਦੀ ਅਰਾਧਨਾ ਤੇ ਉਹਦਾ 'ਸਹਿਜ-ਅਵਸਥਾ ਚ ਸਿਮਰਣ। ਇਸ ਫਲਸਫੇ ਦੇ ਮੋਢੀ ਗੁਰੂ ਨਾਨਕ ਸਾਹਿਬ ਹੀ ਸਨ। ਗੁਰੂ ਨਾਨਕ ਸਾਹਿਬ ਨੇ ਇਸ ਫਲਸਫੇ ਨੂੰ ਹਰ ਥਾਂ, ਹਰ, ਮਜਲਸ ਹਰ, ਦੀਵਾਨ ਉਸਤਤੀ, ਵਡਿਆਈ ਤੇ ਇਸ ਫਲਸਫੇ ਦੇ ਵਿਰੋਧੀਆਂ ਨਾਲ ਬਹਿਸ ਕੀਤੀ। ਇਸੇ ਸਬਦ ਗੁਰੂ ਦਾ ਫਲਸਫਾ ਸਿਧਾਂ ਦੇ ਕੰਨਾਂ ਚੋਂ। ਸਿਧ ਗੋਸਟੀ ਕਢਿਆ ਗਿਆ। ਜਿਹਾ ਕਿ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਲਾ ॥
ਏਕ ਸਬਦੁ ਜਿਤੁ ਕਥਾ ਵੀਚਾਰੀ ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥ ੪੪॥
(ਰਾਮਕਲੀ ਸਿਧ ਗੋਸਟਿ)

ਉਪਰੋਕਤ ਫਲਸਫਾ ਸਿਧਾਂ ਦੇ ਸਵਾਲ ਦੇ ਜਵਾਬ ਵਿਚ ਆਪਜੀ ਨੇ ਸ਼ਬਦ ਦੇ ਰੂਪ 'ਚ ਉਹਨਾਂ ਨੂੰ ਦਸਿਆ। ਗੁਰੂ ਨਾਨਕ ਦੇਵ ਜੀ ਨੇ ਸ਼ਬਦ, ਗੁਰ ਵਾਹੁ, ਵਾਹੁ ਨੂੰ ਹੀ ਆਪਣਾ ਇਸ਼ਕ, ਮੋਢੀ ਜਾਂ ਕਾਲ ਰਹਿਤ ਕਰਤਾ ਪੁਰਖ ਮੰਨਿਆ ਹੈ। ਉਹਨਾਂ ਦਾ ਕਲਾਮ 'ਮੂਲ-ਮੰਤਰ ਇਸੇ ਫਲਸਫੇ ਦਾ ਜਨਮ ਸੀ। ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰ, ਅਨੁਕੂਲ ਇਹ ਸ਼ਬਦ ਗੁਰੂ ਹੀ ਆਦਿ, ਮਧ ਤੇ ਅੰਤ ਤਕ ਪ੍ਰਕਾਸ਼ਮਾਨ ਰਿਹਾ ਹੈ ਤੇ ਰਹੇਗਾ। ਉਸ 'ਬੇਅੰਤ' ਨੇ ਆਪਣੀ ਸ੍ਰਿਸ਼ਟੀ ਤੇ ਕੁਦਰਤ ਲਈ


www.AKJ.Org

ਪਹਿਲਾਂ ਹੀ ਅਸੂਲ ਘੜ ਰਖੇ ਨੇ ਤੇ ਉਹ ਸਭ ਆਪਣੇ ਕਾਰਜਾਂ ਵਿਚ ਮਗਨ ਨੇ।

ਗੁਰੂ-ਬਾਬੇ ਦਾ ਮੂਲ-ਅਨੁਭਵ ਇਹ ਸੀ ਜੋ ਉਹਨਾਂ ਦੇ ਅੰਤਰ, ਆਤਮੇ ਵੱਸ ਰਿਹਾ ਬ੍ਰਹਮ (ਸ਼ਬਦ-ਗੁਰੂ) ਨੂੰ ਅਜੇਹੇ ਸ਼ਬਦਾਂ ਦਾ ਰੂਪ ਦੇਣਾ ਜੋ ਉਹ ਸ਼ਬਦ (ਬਾਣੀ) 'ਵਾਹੁ,ਵਾਹ ਦਾ ਹੀ ਰੂਮ ਹੋਣ ਤੇ ਉਹ 'ਵਾਹੁ-ਵਾਹੁ' ਦੇ ਸਹਜੇ ਸਹਜੇ ਗੁਣ ਗਾਵਣ।

ਸ਼ਬਦ, ਗੁਰੂ ਨੂੰ ਗੁਰਬਾਣੀ ਦੇ ਅੰਮ੍ਰਿਤ, ਸ਼ਬਦਾਂ 'ਚ ਭਸਾਉਣਾ ਗੁਰੂ ਨਾਨਕ ਦੇਵ ਜੀ ਨੇ, ਆਪਣੇ ਕਲਾਮ, ਜਾਦੂ ਨਾਲ ਸ਼ੁਰੂ ਕੀਤਾ। ਅਜੇਹੇ ਰਸ-ਮਈ ਤੇ ਪੂਰਨ-ਪ੍ਰਤਾਪ ਭਰੇ ਕਲਾਮ ਉਚਰੇ ਜੋ 'ਸ਼ਬਦ ਗੁਰੂ' ਤੇ ਉਨ੍ਹਾਂ ਵਿੰਨਵੇ ਰਸ-ਭਰੇ ਸ਼ਬਦਾਂ 'ਚ ਕੋਈ ਆਤਮਿਕ ਭਿੰਨ ਭੇਦ ਅਸੰਭਵ ਜਾਪਦਾ ਸੀ। ਸ਼ਬਦ-ਗੁਰੂ ਨੂੰ ਪਰਚਾਰਨ ਲਈ, ਤੇ ਮਾਨਵ-ਵਾਦ ਨੂੰ ਫੋਕਟ ਵਹਿਮਾਂ,ਭਰਮਾਂ ਤੇ ਪਾਖੰਡਾਂ ਚੋਂ ਕਢਣ ਲਈ, ਗੁਰੂ ਸਾਹਿਬ ਨੂੰ ਕੁਛ ਵਿਸ਼ੇਸ਼ ਕਰਣ ਲੋੜੀਂਦੇ ਸਨ। ਆਪ ਜੀ ਨੇ ਆਪਣੀ ਜ਼ੁਬਾਂ ਚੋਂ ਅੰਮ੍ਰਿਤ-ਬਚਨ ਅੰਮ੍ਰਿਤ ਕਥਾ 'ਚ ਬਦਲ, ਅੰਮ੍ਰਿਤ ਕਥਾ ਤੇ ਗੁਰਬਾਣੀ ਇਕ ਰੂਪ ਕਰ ਦਿਤੀ। ਅੰਮ੍ਰਿਤ, ਕਥਾ ਦਾ ਗੁਰਬਾਣੀ ਰੂਪ 'ਚ ਅਜੇਹਾ ਸੁਚਜਾ ਤੇ ਵਲਵਲਾਤਮਿਕ ਉਘੇੜ; ਗੁਰੂ ਨਾਨਕ ਸਾਹਿਬ ਦੇ ਕਲਾਮ ਦਾ ਹੀ ਚਮਤਕਾਰ ਏ।

ਨਿਰਾਲਾ, ਨਵਾਂ ਤੇ ਨਿਰਮਲ ਪੰਥ ਦੇ ਹੋਣ ਕਰਕੇ ਇਸ ਪਿਛੇ ਜੋ ਅਸੂਲ ਕਸਵਟੀਆਂ ਜਾਂ ਸਾਵਧਾਨੀਆਂ ਦਰਸਾਈਆਂ ਗਈਆਂ ਉਹਨਾਂ ਨੂੰ ਇਕ ਅਜੇਹਾ ਰੂਪ ਦੇਣਾ ਜ਼ਰੂਰੀ ਸੀ ਜੋ ਉਹ ਸੁਲਝਣਾ ਆਮ-ਮਨੁਖਤਾ ਦੀ ਸਮਝ ਵਿਚ ਆ ਸਕਣ ਤੇ ਨਾਲੋ ਨਾਲ ਆਤਮਿਕ ਅਨੰਦ, ਦਿਮਾਗੀ, ਖੇੜਾ ਤੇ ਦਿਲੀ, ਦਇਆ ਵੀ ਉਪਜ ਸਕੇ, ਮਾਨਵਾਦ ਦੇ ਕਠੋਰ ਆਤਮਵਾਦ ਵਿਚ। ਧਰਮ ਦੀ ਕਿਰਤ, ਨਾਮ ਦੀ ਗੁੰਜ, ਭੇਦ-ਭਾਵ ਰਹਿਤ ਭਾਉ-ਭਰੀ ਜ਼ਿੰਦਗੀ, ਸਾਦੀ, ਸਰਲ ਤੇ ਸਪਸ਼ਟ ਜ਼ਿੰਦਗੀ ਤੇ ਜ਼ੁਲਮ ਵਿਰੁਧ ਅਵਾਜ਼ ਆਦਿ ਗੁਰੂ ਬਾਬੇ ਨੇ ਆਪਣੇ ਅਣਮੋਲ ਕਲਾਮ ਰਾਹੀਂ ਉਚਾਰੇ ਤੇ ਪ੍ਰਚਾਰੇ ਤੇ ਉਹ ਅੰਮ੍ਰਿਤ ਕਥਾ ਗੁਰੂ ਨਾਨਕ ਸਾਹਿਬ ਨੇ ਆਪਣੇ ਕਲਾਮ ਰਾਹੀਂ ਗੁਰਬਾਣੀ ਦੇ ਰੂਪ 'ਚ ਰਾਗਾਂ ਦੀ ਛਾਂ ਹੇਠਾਂ ਅੰਕਿਤ ਕੀਤੀ।

ਗੁਰੂ ਨਾਨਕ ਦਾ ਕਲਾਮ ਆਦਿ ਫਿਲਾਸਫੀ ਨੇ ਤੇ ਇਹੁ ਆਦਿ ਫਿਲਾਸਫੀ 'ਚੋਂ ਗੁਰੂ ਬਾਬੇ ਦੇ ਗੁਣ ਕਰਨੀਆਂ ਤੇ ਘਾਲਾਂ ਸੀਤਲ ਜਲ ਬਣ ਸਿੰਮਦੀਆਂ ਨੇ। ਉਹਲੇ ਦੇ ਕਲਾਮ ਹੀ ਅਕਸਰ ਉਹਨਾਂ ਦੇ ਮਨੁਖੀ-ਬੰਦੇਸ਼ੇ, ਹੌਕੇ ਜਜ਼ਬਾਤ ਤੇ ਆਦਰਸ਼ ਨੇ। ਗੁਰੂ ਸਾਹਿਬ ਦੇ ਕੀਤੇ ਕੰਮ ਤੇ ਉਨ੍ਹਾਂ ਵਿਕਸਾਈਆਂ ਨਵੀਨ ਲਹਿਰਾਂ ਚੋਂ ਉਪਜੀਆਂ ਉਧੇੜ ਬੁਣਾਂ ਲਈ ਸੁਲਝਾਅ ਉਹਨਾਂ ਦਾ ਕਲਾਮ (ਗੁਰਮਤ-ਗੁਰਬਾਣੀ) ਹੀ ਪੂਰਨ ਵਿਆਖਿਆ ਨਾਲ ਦਸਦਾ ਏ। ਇਸ ਗੱਲ ਤੇ ਸਾਨੂੰ ਯਕੀਨ ਕਰਨਾ ਪਵੇਗਾ ਜੋ ਗੁਰੂ ਬਾਬੇ ਦਾ ਕਲਾਮ ਕਰਨੀ ਤੇ ਤੱਤ ਬਿਲੋਵਨ ਦਾ ਸਦੀਵ ਪ੍ਰਤੀਕ ਰਹਿੰਦਾ ਸੀ। ਚੂੰਕਿ ਨਵੀਨ ਖਿਆਲਾਂ ਦੇ ਉਪਜਾਅ ਨਾਮ ਦੀ ਗੂੰਜ ਦੇ ਲਖਾਇਕ ਜੁ ਸਨ।

ਸੋ ਗੁਰੂ ਨਾਨਕ ਦਾ ਕਲਾਮ 'ਸ਼ਬਦ-ਗੁਰ-ਪੀਰਾ', 'ਵਾਹੁ ਵਾਹੁ' ਤੇ 'ਗੁਰ-ਵਾਹੁ' ਅਨੂਪਮ ਪਰਕਾਸ਼ ਦਾ ਹੀ ਪਸਾਰ ਵਡਿਆਈ ਤੇ ਗੁਣ ਨੇ। ਨਾਲੋ ਨਾਲ ਉਹਦੇ ਕਲਾਮ ਦਾ ਸਿਖਰ ਸਫਲ


www.AKJ.Org

ਜੀਵਨ-ਜਾਚ ਤੇ ਗੁਣਾਂ ਦੀ ਗੰਢ ਬੰਨ੍ਹਣ ਦਾ ਸਰਲ ਤੇ ਸਪਸ਼ਟ ਤਰੀਕਾ ਸੁਲਝਾਉਂਦਾ ਏ। ਇਹੁ ਕਲਾਮ ਬਿਖਮ-ਪੜਾਅ ਤੇ ਅਗਾਂਹ ਵਧੂ ਮੰਜ਼ਲਾਂ ਲਈ ਸੁਲਝਾਅ ਅਰਥਾਤ ਸੇਵਾ-ਸਿਮਰਣ-ਕੀਰਤਨ ਆਦਿ ਉਪਦੇਸ਼ ਦ੍ਰਿੜਾਂਦੇ ਨੇ। ਗੁਰਮਤ ਜਾਚ ਉਸਦੇ ਕਲਾਮ ਬੜੀ ਭਾਵਕਤਾ ਨਾਲ ਸਮਝਾਉਂਦੇ ਨੇ। ਮਨੁਖੀ ਪਿਆਰ-ਆਪਸੀ-ਹਮਦਰਦੀ ਤੇ ਗੁਰਮਤ ਸੇਵਾ ਉਹਦੇ ਕਲਾਮ ਦਾ ਨਿਸ਼ਾਨਾ ਤੇ ਚਿਤ੍ਰਣ ਨੇ।

ਗੁਰ-ਵਾਹੁ ਦੀ ਵਡਿਆਈ ਤੇ ਅਕਾਲ ਦੇ ਚੋਣਵੇਂ ਨਮੂਨੇ ਗੁਰੂ ਸਾਹਿਬਾਂ ਦੀ ਕਿਰਤਾਂ 'ਜਪੁ' 'ਸੋਦਰ' ਤੇ 'ਆਸਾ ਦੀ ਵਾਰ' ਚੋਂ ਨਿਖੇੜੇ ਜਾ ਸਕਦੇ ਨੇ। ਉਹਦੀਆਂ ਦੁਨਿਆਵੀ ਵਿਚਾਰਾਂ 'ਚ ਵਿਕਸੀ ਆਤਮਿਕ ਕਥਾ ਜੋ ਫੋਕੇ ਪਖੰਡਾਂ ਵਰਤਾਂ ਤੇ ਨੇਮਾਂ ਦਾ ਖੰਡਨ ਕਰ ਜੀਵਨ-ਜਾਚ ਦਰਸਾਉਂਦੀ ਏ ਤੇ ਨਾਲੋ ਨਾਲ ਆਤਮਿਕ ਖੇੜਾ ਪ੍ਰਗਟਾਅ ਅਣਖੀ ਜੀਵਨ ਤੇ ਅਗਾਂਹ ਵਧੂ ਰੂਹਾਨੀਅਤ ਦੇ ਉੱਚੇ ਤੇ ਸੁੱਚੇ ਅਸੂਲ ਦ੍ਰਿੜਾਉਂਦੀ ਏ।

ਜਪੁ ਗੁਰੂ ਬਾਬੇ ਦੀ ਅਜੇਹੀ ਬਾਣੀ ਏ ਜੋ ਨਿਰੋਲ ਵਾਹੁ-ਵਾਹੁ ਸਿਮਰਨ ਦਾ ਉਪਦੇਸ਼ ਦੇ ਉਹਦੀ ਸਦੀਵ ਹੋਂਦ ਦਾ ਅਲਾਰਮ ਦਿੰਦੀ ਏ। ਸਾਡੀ ਸੂਖਮ ਹੋਂਦ ੧ਓ ਅਰਥਾਤ ਇਕ ਵਾਹਿਗੁਰੂ ਤੇ ਉਹ ਸਚਾਈ ਬਾਰੇ ਝਲਕ ਸਤਿਨਾਮੁ ਸੁਣ ਉਸ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ 'ਚ ਲਿਵਲੀਨ ਹੋਣ ਦੀ ਪ੍ਰੇਰਨਾ ਦਿੰਦੀ ਏ, ਤੇ ਫਿਰ ਸੋਚਾਂ, ਸੋਚਿਆਂ (ਇਸ਼ਨਾਨ ਕੀਤਿਆਂ), ਤੀਰਥਾਂ, ਭੁੱਖੇ ਘੁੰਮਿਆਂ ਆਦਿ ਕਰਮਾਂ ਬਾਰੇ ਆਲੋਚਨਾ ਕਰ ਅੰਤ ਨਤੀਜਾ ਨਿਕਲਦਾ ਏ:

'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਜਪੁਜੀ)

ਅੰਮ੍ਰਿਤ ਵੇਲਾ ਤੇ ਉਸ ਸਮੇਂ ਪਰਮ-ਅਕਾਲ ਦੀ ਵਡਿਆਈ ਹੀ ਆਦਿ ਫ਼ਿਲਾਸਫ਼ੀ ਅਰਥਾਤ ਗੁਰਮਤ ਵਾਦ ਦਾ ਤੱਤ ਏ।

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।'

ਜਪੁ ਅਕਸਰ ਬਿਆਨਦੀ ਏ ਨਾਮ ਦੀ ਮਹਿਮਾ-ਨਾਮ ਸੁਨਣ ਤੇ ਮੰਨਣ ਦਾ ਅਸਰ ਤੇ ਫਿਰ ਉਸਤੋਂ ਬਾਅਦ ਅਕਾਲ ਪੁਰਖ ਦੀ ਦਰਗਾਹੋਂ ਬਖਸ਼ੇ ਹੋਏ ਪ੍ਰਦਾਨ-ਜਨਾਂ ਦਾ ਜ਼ਿਕਰ ਆਉਂਦਾ ਏ।

ਕਾਦੌਰ (ਵਾਹੁ-ਵਾਹੁ) ਦੀ ਕੁਦਰਤ ਨੂੰ ਗੁਰੂ ਸਾਹਿਬ ਅਦ੍ਰਿਸ਼ਟਿ, ਅਗੋਚਰ ਦਾ ਰੂਪ ਜਾਣ ਉਸ 'ਚ ਡੂੰਘਾਈ ਘੋਖਦਿਆਂ ਆਪਣੀ ਅਨੁਭਵ ਸ਼ਕਤੀ ਦੁਆਲੇ ਅਸੰਖਾਂ ਹੀ ਪਾਪੀ, ਨੀਚ, ਹਰਾਮਖੋਰ, ਅਪਰਾਧੀ, ਗੁਣੀ ਗਿਆਨੀ, ਜਪੁ, ਪੂਜਾ, ਪਾਠ ਆਦਿ ਗਿਨਣ ਤੋਂ ਉਪਰੰਤ ਤੇ ਫਿਰ ਉਹਦੀ ਬੇਅੰਤਤਾ ਦਾ ਜ਼ਿਕਰ ਬੇਵਸ ਜਾਣ ਨਤੀਜਾ ਨਿਕਲਦਾ ਏ:—

"ਕੁਦਰਤਿ ਕਵਣ ਕਹਾ ਵੀਚਾਰ ॥
ਵਾਰਿਆ ਨ ਜਾਵਾ ਏਕ ਵਾਰ ॥"

ਅਦ੍ਰਿਸ਼ਟ ਅਗੋਚਰ ਤੇ ਘਟ ਘਟ ਰਮੇ ਬਨਵਾਰੀ ਨੇ ਸ੍ਰਿਸ਼ਟੀ ਦਾ ਪਸਾਰਾ 'ਏਕੋ ਕਵਾਉ' ਅਰਥਾਤ ਛਿਨ, ਭੰਗਰ 'ਚ ਕਰ ਦਿਤਾ ਏ ਤੇ ਜੋ ਕੁਝ ਵੀ ਸ੍ਰਿਸ਼ਟੀ ਅਜ ਤਕ ਭੋਗ ਚੁਕੀ ਏ ਜਾਂ ਭੋਗ ਰਹੀ ਏ, ਉਹਦੀ ਦੇਣ ਉਹਨੇ ਇਕੋ ਵਾਰ ਹੀ ਦੇ ਰਖੀ ਏ।

ਪਰ ਉਸ ਆਦਿ, ਅਪਰੰਪਰ ਦੇ ਦਰਸ਼ਨ ਨਾਮੁ, ਖੁਮਾਰੀ ਤੋਂ ਬਿਨਾਂ ਜਾਂ ਸ਼ਬਦ ਨੂੰ ਸਚੀ, ਟਕਸਾਲ ਚਾੜਣ ਤੋਂ ਬਿਨਾਂ ਨਹੀਂ ਹੋ ਸਕਦੇ।



www.AKJ.Org

ਅੰਤ ਅਲੱਖ ਆਦਿ ਨੂੰ ਆਦੇਸ ਅਲਾਉਦਿਆਂ ਤੇ ਉਹਦੇ ਖੰਡਾਂ ਦਾ ਵਿਲਸ਼ੇਸ਼ਣ ਕਰਦਿਆਂ ਨਿਰੋਲ ਗੁਰਮਤ ਫਿਲਾਸਫੀ ਉਘੜਦੀ ਏ:—

'ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥'

ਤੇ ਇਹੋ ਆਦਿ ਫਿਲਾਸਫੀ ਦੀ ਸਿਖਰ ਆ ਅਪੜਦੀ ਏ ਇਸ ਸਲੋਕ ਦੀ ਛੇਕੜ ਲਾਈਨ ਦੇ ਦੁਆਲੇ:

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ ॥ ੧ ॥ (ਜਪੁਜੀ)

ਸੋ ਸਪਸ਼ਟ ਹੋਇਆ ਜੋ 'ਜਪੁ' ਕਲਾਮ ਵਾਹੁ, ਵਾਹੁ ਤੇ ਉਹਦੇ ਚੋਜਾਂ ਤਮਾਸ਼ਿਆਂ ਤੇ ਉਹਦੇ ਰੰਗਾਂ ਦੁਆਲੇ ਹੀ ਘੁੰਮਦਾ ਏ ਜਿਸਦਾ ਆਦਿ ਗੁਰਮਤ, ਫਿਲਾਸਫੀ ਨੂੰ ਜਨਮ ਦਿੰਦਾ ਏ ਤੇ ਅੰਤ ਗੁਰਮਤਿ, ਫਿਲਾਸਫੀ ਦੀ ਸਿੱਖਰ ਏ।

ਬਿਲਕੁਲ ਇਵੇਂ ਹੀ ਸੋਦਰ 'ਵਾਹੁ ਵਾਹੁ' ਦੇ ਪਸਾਰੇ ਬਾਰੇ ਹੀ ਜ਼ਿਕਰ ਏ। ਉਹਦੀ ਅਰਾਧਨਾ ਦੇ ਅੱਡ ਅੱਡ ਵਸੀਲੇ ਦੱਸ ਉਦਾਹਰਨ ਵਜੋਂ ਦੇਵੀ ਦੇਵਤੇ, ਸਿਧਾਂ ਦੀਆਂ ਸਮਾਧੀਆਂ, ਜਤੀ, ਤੇ ਸੰਤੋਖੀਆਂ ਦੇ ਸਿਮਰਣ; ਪੰਡਤ ਮੋਹਣੀਆਂ ਅਪਛਰਾਂ ਆਦਿ। ਇਹ ਬਾਣੀ ਰੂਪੀ ਸ਼ਬਦ "ਵਾਹੁ, ਵਾਹੁ ਦੀ ਉਪਮਾ ਤੇ ਉਹਦੇ ਅਣਮਿਥੇ ਪਰਵਾਰ ਦਾ ਹੀ ਸਾਰ ਨੇ। ਗੁਰੂ ਸਾਹਿਬ ਉਹਦੇ ਗਾਵਣਹਾਰਿਆਂ ਬਾਰੇ ਦਸਣ ਤੋਂ ਆਪਣੇ ਆਪ ਆਪ ਨੂੰ ਬੇਬਸ ਖਿਆਲ ਕਰਦੇ ਨੇ:

'ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕ ਕਿਆ ਬੀਚਾਰੇ।' (ਸੋਦਰੁ)

ਵਾਰ ਆਸ਼ਾ ਵਕਤ ਦੇ ਝੂਠੇ ਪਖੰਡਾਂ, ਕਾਇਰਤਾ ਭਰੀ ਜ਼ਿੰਦਗੀ ਤੇ ਵਿਕਾਰਾਂ ਦੇ ਖੁਦਗਰਜ਼ੀਆਂ ਦਾ ਇਕ ਭਰਪੂਰ ਅਸਲੀਵਾਦ ਤੇ ਅਣਖੀਲੀ ਜ਼ਿੰਦਗੀ ਲਈ ਇਕ ਰਸ ਮਈ ਪੈਗਾਮ ਏ। ਡਰਾਕਲ ਮਾਨਵ ਵਾਦ ਬਘਿਆੜ ਪੂੰਜੀਵਾਦ ਆਦਿ ਦਾ ਉਘੇੜ ਏ। ਇਹੁ ਵਾਰ ਆਸਾ ਅਸੂਲ ਹੀਣ ਮਨੁਖਾਂ ਦਾ ਚਿਤ੍ਰਣ ਏ। ਧਰਮ ਤੇ ਸਚਾਈ ਦਾ ਯਥਾਰਥਮਈ ਪੜਦਾ ਏ। ਆਲੋਚਨਾ ਏ, ਪ੍ਰਗਤੀ ਵਾਦੀ ਅਸੂਲਾਂ ਭਰਿਆ ਸੰਗ੍ਰਹਿ ਵੇ ਅਤੇ ਗੁਰਮਤ, ਖਜ਼ਾਨਾ ਏ। ਜਿਤਨੀ ਬੁਰੀ ਤਰ੍ਹਾਂ ਪਖੰਡਾਂ ਨੂੰ ਇਸ ਵਾਰ 'ਚ ਧਕੇਲਿਆ ਗਿਆ ਏ ਗੁਰੂ ਸਾਹਿਬ ਦੀਆਂ ਹੋਰ ਵਾਰਾਂ ਚ ਮਿਸਾਲ ਮਿਲਣੀ ਮੁਸ਼ਕਲ ਏ। ਨਿਰਾ ਪਖੰਡਾਂ ਨੂੰ ਹੀ ਨਹੀਂ ਧਕੇਲਿਆ ਗਿਆ ਬਲਕਿ ਅਗੋਚਰ ਵਾਹੁ, ਵਾਹੁ ਦੇ ਅਗੰਮ ਪਸਾਰੇ ਦੀ ਵੀ ਰੋਚਿਕ ਤੇ ਦਿਲ ਖਿਚਵੀਂ ਝਲਕ ਏ:—

"ਜੇ ਜਾਣਸਿ ਬ੍ਰਹਮੰ ਕਰਮੰ"
ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟ ਨ ਪਾਵੈ ॥
"ਛੋਡੀਲੇ ਪਾਖੰਡਾ" ਨਾਇ ਲਇਐ ਜਾਹਿ ਤਰੰਦਾ ॥"

ਗੁਰੂ ਬਾਬੇ ਦੀਆਂ ਹੋਰ ਬਾਣੀਆਂ ਸਿਧਗੋਸਟ, ਦਖਣੀ ਓਅੰਕਾਰਿ, ਪੱਟੀ ਆਦਿ ਉਹਦੀ ਅਜੇਹੀ ਫਿਲਾਸਫੀ ਦ੍ਰਿੜਾਉਦੀਆਂ, ਕੋਈ ਅਗੰਮੀ ਪੈਗਾਮ ਮਾਨਵਵਾਦ ਨੂੰ ਵੰਡਦੀਆਂ ਨੇ। ਉਹਨਾਂ ਦੇ ਰੱਚੇ ਸ਼ਬਦ ਅਗਾਂਹ ਵਧੂ ਜ਼ਿੰਦਗੀਆਂ ਲਈ ਸਜਰੀ ਤੇ ਨਰੋਈ ਪੈੜ ਸਾਬਤ ਹੋ ਸਕਦੇ ਨੇ। ਚਿੰਤਾ ਆਲਸ ਜਾਂ ਫਿਕਰਾਂ ਦੀਆਂ ਜਲਣਾਂ ਉਸਦੀ ਬਾਣੀ ਪੜ੍ਹਣ ਤੇ ਧਰਮ ਦੀ ਕਿਰਤ ਕਰਨ ਨਾਲ ਵਿਕਾਸ਼ ਹੋ ਸਕਦੇ ਨੇ। ਅਮੀਰਾਨਾ ਜ਼ਿੰਦਗੀਆਂ ਦੇ ਐਸ਼, ਹਾਥੀ ਪਾਖਰ, ਘੋੜੇ, ਸੁੰਦਰੀਆਂ, ਵਿਕਾਰ, ਰਾਜ ਸੁਖ, 'ਏਕ ਨਾਮ' ਅਗੇ ਕੂੜ ਅਲਾਪੇ ਗਏ। 'ਭੀ ਤੂਹੈ ਸਲਾਹਣਾ ਆਖਣ ਲਹੈ ਨਾ ਚਾਉ' ਆਦਿ ਅਸੂਲ ਵਿੰਨਵੇਂ ਸ਼ਬਦਾਂ*


www.AKJ.Org

# ਇਤਿਹਾਸ ਗੁਰਦੁਆਰਾ ਨਾਨਕ ਝੀਰਾ ਸਾਹਿਬ (ਬਿਦਰ)

(ਵਲੋਂ:—ਗੁਰਦੁਆਰਾ ਕਮੇਟੀ ਗੁ: ਨਾਨਕ ਝੀਰਾ ਸਾਹਿਬ)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਮਤ ੧੫੬੯ ਈਸਵੀ ਜਦ ਦੂਸਰੀ ਉਦਾਸੀ ਧਾਰਨ ਕੀਤੀ, ਜਗਤ ਜੀਵਾਂ ਦੇ ਉਧਾਰ ਲਈ ਝੂਠੇ ਤੇ ਗੁਮਰਾਹ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚਲਾਣ ਲਈ ਦੇਸ਼ ਦੇਸ਼ਾਂਤ੍ਰਾਂ ਦੇ ਦੌਰੇ ਕੀਤੇ। ਬਹੁਤ ਇਤਿਹਾਸਕਾਰਾਂ ਨੇ ਆਪ ਜੀ ਦੇ ਦੱਖਣ ਦੇਸ ਦੌਰੇ ਦਾ ਇਤਿਹਾਸ ਲਿਖਿਆ ਹੈ।

ਸ੍ਰੀ ਬਾਬਾ ਜੀ ਜਦ ਦੱਖਣ ਦੇਸ ਵਿਚ ਆਏ। ਪਹਿਲੇ ਗੋਮਤੀ, ਨਾਗਪੁਰ, ਵਾਰਧਾ ਤੋਂ ਹੁੰਦੇ ਹੋਏ ਖੰਡਵਾ ਦੇ ਨਜ਼ਦੀਕ ਓਅੰਕਾਰੇਸ਼ਵਰ ਵਿਚ ਮੰਦਰ ਤੀਰਥ ਅਸਥਾਨ 'ਤੇ ਪੁਜੇ। ਉਥੇ ਆਪ ਜੀ ਨੇ ਮਨੋਹਰ ਉਪਦੇਸ਼ ਦੁਆਰਾ ਲੋਕਾਂ ਦੇ ਮਨਾਂ ਨੂੰ ਸ਼ਾਂਤ ਕੀਤਾ। ਇਸੇ ਅਸਥਾਨ 'ਤੇ ਦਖਣੀ ਓਅੰਕਾਰ ਦੀ ਬਾਣੀ ਦਾ ਉਚਾਰਨ ਕੀਤਾ। ਫੇਰ ਮਹਾਰਾਜ ਔਢੇ ਨਗਰ ਗਏ (ਜਿਥੇ ਨਾਮਦੇਵ ਜੀ ਨੇ ਦੇਹੁਰਾ ਫੇਰਿਆ ਹੈ)। ਇਥੋਂ ਹੁੰਦੇ ਹੋਏ ਨਾਦੇੜ ਗੁਰਦੁਆਰਾ ਮਾਲ ਟੇਕੜੀ ਅਸਥਾਨ 'ਤੇ ਪੁਜੇ ਤੇ ਲੱਕੜ ਸ਼ਾਹ ਫ਼ਕੀਰ ਦਾ ਉਧਾਰ ਵੀ

---

* ਨਾਲ ਜੜ੍ਹ ਗੁਰਮਤ-ਕਲਾਮ ਦਾ ਪ੍ਰਤੀਕ ਰੂਪ ਨਿਖੇੜਿਆ ਗਿਆ। ਨਾਮ ਦੀ ਗੂੰਜ ਹੇਠ,ਧਰਮ ਦੀ ਕਿਰਤ ਦੀ ਛਾਂ ਦੇ ਕੇ ਅਣਖੀਲੀ ਜ਼ਿੰਦਗੀ ਬਿਤਾਣ ਦਾ ਪੈਗਾਮ ਦਿਤਾ। ਨਾਮ ਸੁਖ ਅਗੇ ਹੋਰ ਸੰਸਾਰੀ ਕਾਰ, ਵਿਹਾਰ ਚੰਗਿਆਈਆਂ, ਸੁਖ, ਐਸ਼ ਪ੍ਰਸਤੀ ਤੇ ਫੈਸ਼ਨ ਪ੍ਰਸਤੀ ਭਰੇ ਜੀਵਨ ਕੂੜ ਤੇ ਫੋਕਟ ਸਮਝੇ ਗਏ ਤੇ ਨਾਮ-ਹੀਣ ਬੰਦਿਆਂ ਦੇ ਕੁਲੱਛਣ ਅਸਲੀ ਢੰਗ ਨਾਲ ਬਿਆਨੇ ਗਏ।

ਨਿਚੋੜ ਵਜੋਂ ਗੁਰੂ ਨਾਨਕ ਦਾ ਕਲਾਮ ਸ਼ਬਦ-ਗੁਰੂ; ਵਾਹੁ-ਵਾਹੁ, ਅੰਮ੍ਰਿਤ ਧਾਰਾ ਤੇ ਦ੍ਰਿੜ੍ਹਾਇਕ ਨਾਮ ਦੀ ਉਪਮਾ ਏ ਵਿਆਖਿਆ ਮਈ। ਜੋ ਮਾਨਵਵਾਦ ਨੂੰ ਅਣਖੀਲੇ ਜ਼ਿੰਦਗੀ ਬਿਤਾਉਣ ਲਈ ਪਰੇਰਨਾ ਦਿੰਦੀ ਏ। ਗੁਰੂ ਨਾਨਕ ਦਾ ਕਲਾਮ, ਉਹਦੀ, ਅੰਮ੍ਰਿਤ-ਕਥਾ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ 'ਵਾਹੁ-ਵਾਹੁ' ਦੇ ਤਮਾਸ਼ੇ, ਚੋਜ, ਦੁਨਿਆਵੀ ਬਹਿਸਾਂ ਚੋਂ ਅਣਮੋਲਵੇਂ ਗੁਰਮਤ ਤੱਤ ਆਦਿ ਦਰਸਾਇਕ ਨੇ।

ਮਾਨਵਵਾਦ ਗੁਰੂ ਨਾਨਕ ਤੇ ਉਹਦੇ ਕਲਾਮ ਦਾ ਸਦਾ ਦੇਣਦਾਰ ਹੈ ਤੇ ਰਹੇਗਾ।

—o—



www.AKJ.Org

ਕੀਤਾ ਜਿਸ ਦੀ ਯਾਦਗਾਰ ਅਜੇ ਵੀ ਕਾਇਮ ਹੈ। ਇਥੋਂ ਚਲ ਕੇ ਫੇਰ ਬਾਬਾ ਜੀ ਹੈਦਰਾਬਾਦ ਗੋਲਕੰਡੇ ਪੁਜੇ। ਉਥੇ ਵੀ ਕੁਝ ਫ਼ਕੀਰਾਂ ਨਾਲ ਗੋਸ਼ਟ ਕੀਤੀ। ਉਸ ਤੋਂ ਬਾਅਦ ਬਿਦਰ ਸ਼ਹਿਰ ਜੋ ਹੈਦਰਾਬਾਦ ਤੋਂ ਤਕਰੀਬਨ ੮੦ ਮੀਲ ਦੀ ਵਿੱਥ 'ਤੇ ਹੈ ਉਥੇ ਕੰਨ ਪਾਟੇ ਜੋਗੀਆਂ ਦੇ ਅਸਥਾਨ 'ਤੇ ਪੁਜ ਕੇ ਉਨ੍ਹਾਂ ਨੂੰ ਕਰਮ ਕਾਂਡ ਤੋਂ ਛੁਡਾ ਕੇ ਸਤਿਨਾਮ ਦਾ ਉਪਦੇਸ਼ ਦਿੱਤਾ। ਬੈਰਾਗੀ ਦੇ ਗੁਣ ਦਸੇ।

ਉਥੋਂ ਚਲਕੇ ਬਾਬਾ ਜੀ ਇਕ ਮੀਲ ਦੀ ਵਿਥ 'ਤੇ ਪਹਾੜੀ ਦੇ ਥਲੇ ਜਾ ਬਿਰਾਜੇ ਤੇ ਮਰਦਾਨੇ ਨੂੰ ਹੁਕਮ ਦਿੱਤਾ : ਰਬਾਬ ਖੋਲ੍ਹ!.........ਕੈਸਾ ਸਵੇਰ ਦਾ ਸੁਹਾਵਣਾ ਸਮਾਂ ਹੈ, ਚਾਰੇ ਪਾਸੇ ਪੰਛੀ ਵੀ ਉਸ ਨਿਰੰਕਾਰ ਦੇ ਗੁਣ ਗਾ ਰਹੇ ਹਨ :

ਹਉ ਬਲਿਹਾਰੀ ਤਿਨਾ ਪੰਖੀਆ ਜੰਗਲ ਜਿਨਾ ਵਾਸੁ।
ਕੰਕਰ ਚੁਗਣ ਥਲ ਵਸਣ ਰਬ ਨ ਛੋਡਣ ਪਾਸੁ॥

ਤੂੰ ਕਿਉਂ ਦੇਰ ਕਰ ਰਿਹਾ ਹੈਂ। ਫੜ ਰਬਾਬ ਤੇ ਛੇੜ ਨਿਰੰਕਾਰ ਦੀ ਧੁਨੀ। ਭਾਈ ਮਰਦਾਨੇ ਨੇ ਜਦੋਂ ਰਬਾਬ 'ਤੇ ਹੱਥ ਰਖਿਆ ਤਾਂ ਸਾਰਾ ਜੰਗਲ ਹੀ ਧੰਨ ਨਿਰੰਕਾਰ ਦੀ ਧੁਨੀ ਨਾਲ ਗੂੰਜ ਉਠਿਆ। ਬਾਬਾ ਜੀ ਤੋਂ ਥੋੜੀ ਦੂਰੀ 'ਤੇ ਦੋ ਮੰਨੇ ਪ੍ਰਮੰਨੇ ਫ਼ਕੀਰ ਗੱਲਾਂ ਕਰ ਰਹੇ ਸਨ ਜਿਨ੍ਹਾਂ ਕੋਲ ਹੋਰ ਵੀ ਬਹੁਤ ਸਾਰੇ ਪੀਰ ਫ਼ਕੀਰ ਇਕਠੇ ਹੋਇ ਮੱਕੇ ਦੀ ਯਾਤਰਾ ਲਈ ਵੀਚਾਰਾਂ ਕਰ ਰਹੇ ਸਨ। ਜਦੋਂ ਬਾਬਾ ਜੀ ਦੇ ਕੀਰਤਨ ਦੀ ਧੁਨੀ ਕੰਨਾਂ ਵਿਚ ਪਈ ਤਾਂ ਪੀਰ ਜਲਾਲ ਦੀਨ ਬੋਲ ਉਠਿਆ, 'ਠਹਿਰੋ' ਇਹ ਆਵਾਜ਼ ਕੈਸੀ ਸੁੰਦਰ ਸੁਣਾਈ ਦੇ ਰਹੀ ਹੈ ਸੁਣਿਆ ਹੈ ਗੁਰੂ ਨਾਨਕ ਸਾਹਿਬ ਕੁਝ ਦਿਨ ਪਹਿਲੇ ਹਮਾਰੇ ਮੁਰਸ਼ਦ ਸ਼ਾਹ ਅਸ਼ਰਫ ਕਾਬਲ ਕੰਧਾਰ ਦੌਰੇ ਤੇ ਗਏ ਸਨ ਉਸ ਵੇਲੇ ਕਹਿੰਦੇ ਸਨ ਗੁਰੂ ਨਾਨਕ ਜੀ ਦੇ ਦਰਸ਼ਨ ਹੋਏ ਸਨ, ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਜਦ ਦੱਖਣ ਦਾ ਦੌਰਾ ਕਰਾਂਗੇ ਤਾਂ ਤੁਹਾਨੂੰ ਮਿਲਾਂਗੇ, ਉਹੀ ਖ਼ੁਦਾ ਕਾ ਰੂਪ ਬਿਦਰ ਸ਼ਹਿਰ ਵਿਚ ਆਏ ਹੋਏ ਹਨ। ਇਉਂ ਪ੍ਰਤੀਤ ਹੁੰਦਾ ਹੈ, ਜੋ ਅਜ ਇਸ ਜੰਗਲ ਨੂੰ ਭਾਗ ਲਾ ਰਹੇ ਹਨ। ਉਨ੍ਹਾਂ ਦੀ ਖ਼ੁਰਾਕ ਹੀ ਕੀਰਤਨ ਹੈ, ਚਲੋ ਚਲ ਕੇ ਦਰਸ਼ਨ ਕਰੀਏ।' ਪੀਰ ਜਲਾਲ ਦੀਨ ਆਪਣੇ ਸਾਥੀਆਂ ਨੂੰ ਨਾਲ ਲੈ ਉਸ ਅਸਥਾਨ ਦੇ ਨੇੜੇ ਜਦੋਂ ਪੁਜਾ ਤਾਂ ਕੀਰਤਨ ਦੀ ਆਵਾਜ਼ ਹੋਰ ਵੀ ਸਪਸ਼ਟ ਦੇਣ ਲਗ ਪਈ। ਆਪਣੇ ਸਾਥੀ ਪੀਰ ਯਾਕੂਬ ਅਲੀ ਨੂੰ ਸੈਨਤ ਕਰ ਕੇ ਕਿਹਾ, 'ਯਾਕੂਬ ਅਲੀ ਅਸਾਨੂੰ ਬੰਦਗੀ ਕਰਦਿਆਂ ਉਮਰਾਂ ਬੀਤ ਗਈਆਂ ਹਨ, ਪਰ ਇਹ ਸਵਾਦ ਨਹੀਂ ਆਇਆ ਜੋ ਇਨ੍ਹਾਂ ਦੇ ਕਲਾਮ ਵਿਚ ਬਾਣੀ ਦੇ ਕੀਰਤਨ ਵਿਚੋਂ ਆ ਰਿਹਾ ਹੈ।' ਪੀਰ ਜਲਾਲ ਦੀਨ ਨੇ ਤਦ ਆਪਣੇ ਸਾਥੀਆਂ ਨੂੰ ਨਾਲ ਲੈ ਬਾਬਾ ਜੀ ਦੇ ਸਾਹਮਣੇ ਆ ਸਾਖਿਆਤ ਦਰਸ਼ਨ ਕੀਤੇ,ਬੇ-ਵਸੇ ਹੀ ਬਾਬਾ ਜੀ ਦੇ ਚਰਨਾਂ 'ਤੇ ਡਿਗ ਪਿਆ। ਉਸ ਦੇ ਸਿਜਦਾ ਕਰਨ ਦੀ ਦੇਰ ਸੀ ਜੋ ਨਾਲ ਦੇ ਸਾਥੀ ਬਾਬਾ ਜੀ ਦੇ ਚਰਨਾਂ 'ਤੇ ਸਿਜਦਾ ਕਰ ਕੇ ਬੈਠ ਗਏ। ਥੋੜੀ ਦੇਰ ਫੇਰ ਉਹ ਵੀ ਕੀਰਤਨ ਦੇ ਵਿਚ ਐਸੇ ਮਸਤ ਹੋਏ ਜੋ ਆਪਣੇ ਆਪ ਨੂੰ ਭੁੱਲ ਗਏ। ਜਦੋਂ ਬਾਬਾ ਜੀ ਨੇ ਨੇਤਰ ਖੋਲੇ ਤਾਂ ਮੂੰਹੋਂ ਨਿਕਲਿਆ, 'ਧੰਨ ਨਿਰੰਕਾਰ' 'ਇਹ ਸੁਣ ਪੀਰ ਜੀ ਭੀ ਬੋਲ ਉਠੇ, 'ਸੁਬਾਹਨ ਅੱਲਾ। ਆਪ ਤਾਂ ਸਚ ਮੁਚ ਹੀ ਅੱਲਾ ਦਾ ਨੂਰ ਹੋ। ਆਪ ਜੀ ਦੇ ਦੀਦਾਰ ਤਾਂ ਮਾਨੋ ਅੱਲਾ ਦਾ ਹੀ ਦੀਦਾਰ ਹੈ। ਕੁਝ ਸਮਾਂ ਸਾਰੇ ਚੁੱਪ ਚਾਪ ਬੈਠੇ ਰਹੇ। ਥੋੜੀ ਦੇਰ ਤੋਂ ਬਾਅਦ ਪੀਰ


www.AKJ.Org

ਜਲਾਲ ਦੀਨ ਬੇਨਤੀ ਕਰਨ ਲੱਗਾ : 'ਬਾਬਾ ਜੀ ਜਿਸ ਤਰ੍ਹਾਂ ਆਪ ਨੇ ਬਿਦਰ ਸ਼ਹਿਰ ਵਿਚ ਬੈਰਾਗੀਆਂ ਤੇ ਜੋਗੀਆਂ ਨੂੰ ਉਸ ਸਚੇ ਸਾਈਂ ਦਾ ਰਸਤਾ ਦਸਿਆ ਹੈ। ਕੁਝ ਸਾਡੇ 'ਤੇ ਵੀ ਮਿਹਰ ਦੀ ਨਜ਼ਰ ਕਰੋ।' ਬਾਬਾ ਜੀ ਨੇ ਕਿਹਾ, 'ਪੀਰ ਜੀ ਉਹ ਸੱਚਾ ਸਾਈਂ ਅੱਲਾ ਤਾਲਾ ਸਾਥੋਂ ਦੂਰ ਤਾਂ ਨਹੀਂ ਜੇ ਸਾਡੇ ਮਨ ਦਾ ਸ਼ੀਸ਼ਾ ਸਾਫ਼ ਹੋਵੇ ਤਾਂ ਪਰਤੱਖ ਦਰਸ਼ਨ ਹੁੰਦਾ ਹੈ। ਜੇ ਕਰ ਬੰਦਾ ਖ਼ੁਦੀ ਤਕੱਬਰ ਤੇ ਅਹੰਕਾਰ ਨੂੰ ਛੋੜ ਸਭ ਜੀਵਾਂ ਨਾਲ ਇਕੋ ਜਿਹਾ ਪਿਆਰ ਕਰੇ ਤੇ ਸਭ ਨੂੰ ਇਕੋ ਜਿਹਾ ਸਮਝੇ।

ਇਹ ਸੁਣ ਪੀਰ ਜ਼ਲਾਲ ਦੀਨ ਬਾਬਾ ਜੀ ਦੇ ਚਰਨਾਂ 'ਤੇ ਡਿਗ ਪਿਆ। ਇਹ ਦੇਖ ਪੀਰ ਜੀ ਦੇ ਸਾਥੀਆਂ ਨੇ ਵੀ ਚਰਨਾਂ 'ਤੇ ਸਿਜਦਾ ਕੀਤਾ। ਪੀਰ ਜਲਾਲ ਦੀਨ ਨੇ ਬੇਨਤੀ ਕੀਤੀ, 'ਆਪ ਨੇ ਸਾਡੇ ਤੇ ਬੜੀ ਮਹਿਰਮਤ ਤੇ ਬਖ਼ਸ਼ਿਸ਼ ਕੀਤੀ, ਇਸ ਧਰਤੀ ਦੇ ਧੰਨ ਭਾਗ ਹਨ ਜਿਥੇ ਕਿ ਪੀਣ ਲਈ ਪਾਣੀ ਦੀ ਬੂੰਦ ਭੀ ਨਹੀਂ ਮਿਲਦੀ, ਆਪ ਚਰਨ ਧਰ ਕੇ ਮੇਰੇ ਵਰਗੀਆਂ ਭੁੱਲੀਆਂ ਰੂਹਾਂ ਨੂੰ ਰਾਹੇ ਪਾਇਆ ਹੈ। ਅਸੀਂ ਆਪ ਨੂੰ ਯਕੀਨ ਦਿਵਾਉਂਦੇ ਹਾਂ ਜੋ ਆਪ ਨੇ ਸਾਨੂੰ ਸੋਹਣਾ ਉਪਦੇਸ਼ ਦਿਤਾ ਹੈ, ਉਸ ਤੇ ਸਦਾ ਚਲਣ ਦਾ ਪੂਰਾ ਯਤਨ ਕਰਾਂਗੇ।' ਫੇਰ ਬਾਬਾ ਜੀ ਦੀ ਉਸਤਤ ਕਰ ਪੀਰ ਜੀ ਵਿਦਾ ਹੋਏ। ਇਹ ਚਰਚਾ ਸਾਰੇ ਇਲਾਕੇ ਵਿਚ ਫੈਲ ਗਈ ਕਿ ਬਿਦਰ ਦੇ ਇਲਾਕੇ ਦੇ ਇਤਨੇ ਵੱਡੇ ਫ਼ਕੀਰ ਪੀਰ ਜਲਾਲ ਦੀਨ ਬਾਬਾ ਜੀ ਦੇ ਮੁਰੀਦ ਬਣ ਚੁਕੇ ਹਨ। ਬਿਦਰ ਦੇ ਮੁਖੀ ਲੋਕਾਂ ਨੇ ਵੀਚਾਰ ਕੀਤੀ ਜੇ ਸਾਡਾ ਦੁਖ ਕੋਈ ਦੂਰ ਕਰ ਸਕਦਾ ਹੈ ਤਾਂ ਗੁਰੂ ਨਾਨਕ ਸਾਹਿਬ ਦੂਰ ਕਰ ਸਕਦਾ ਹੈ। ਚਲੋ ਚਲਕੇ ਬਾਬਾ ਜੀ ਦੇ ਚਰਨਾਂ ਵਿਖੇ ਬੇਨਤੀ ਕਰੀਏ। ਬਿਦਰ ਦੇ ਇਲਾਕੇ ਦੀ ਜਨਤਾ ਤੇ ਬਿਦਰ ਦੇ ਮੁਖੀ ਲੋਕ ਬਾਬਾ ਜੀ ਪਾਸ ਪਹੁੰਚੇ, ਜਿਥੇ ਹੁਣ ਝੀਰਾ ਸਾਹਿਬ ਚਲ ਰਿਹਾ ਹੈ। ਲਗੇ ਬੇਨਤੀਆਂ ਤੇ ਅਰਜੋਈਆਂ ਕਰਨ। ਬਾਬਾ ਜੀ ਜੋ ਉਸ ਸਮੇਂ ਆਪਣੇ ਧਿਆਨ ਵਿਚ ਮਗਨ ਬੈਠੇ ਸਨ ਨੇਤਰ ਖੁਲੇ ਤੇ ਪੁਛਿਆ, 'ਭਾਈ ਤੁਸੀਂ ਕਿਉਂ ਵਿਆਕੁਲ ਹੋ ਰਹੇ ਹੋ ?' ਮੁਖੀ ਲੋਕਾਂ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ, 'ਮਹਾਰਾਜ ਕੀ ਦਸੀਏ ਆਪ ਤੇ ਜਾਣੀ ਜਾਣ ਹੋ, ਆਪ ਜੀ ਨੂੰ ਤੇ ਪਤਾ ਹੀ ਹੈ ਕਿ ਇਸ ਇਲਾਕੇ ਵਿਚ ਪਾਣੀ ਦੀ ਕਿਤਨੀ ਤਕਲੀਫ਼ ਹੈ, ਅਸਾਂ ਲੋਕਾਂ ਨੇ ਕੁਝ ਕੁ ਖੂਹ (ਬਾਉੜੇ) ਖੁਦਵਾਏ ਹਨ ਜੋ ਤਕਰੀਬਨ ਸੌ ਸਵਾ ਸੌ ਹੱਥ ਡੂੰਘੇ ਹਨ। ਸਾਡੀ ਬਦਕਿਸਮਤੀ ਜੋ ਉਨ੍ਹਾਂ ਵਿਚੋਂ ਖਾਰਾ ਪਾਣੀ ਹੀ ਨਿਕਲਿਆ। ਇਸ ਦੁਖ ਦੇ ਕਾਰਨ ਆਪਣੀਆਂ ਲੜਕੀਆਂ ਦੇ ਰਿਸ਼ਤੇ, ਬਾਹਰ ਦੇ ਪਿੰਡਾਂ ਤੇ ਇਲਾਕੇ ਦੇ ਲੋਕ ਬਿਦਰ ਵਿਚ ਦੇਣ ਨੂੰ ਰਾਜ਼ੀ ਨਹੀਂ ਹੁੰਦੇ। ਲੋਕੀਂ ਕਹਿੰਦੇ ਹਨ, ਸਾਡੀ ਲੜਕੀ ਬਿਦਰ ਵਿਚ ਗਈ ਤਾਂ ਸਾਰਾ ਦਿਨ ਪਾਣੀ ਢੋਂਦੀ ਹੀ ਮਰ ਜਾਏਗੀ, ਉਹ ਵੀ ਖਾਰਾ ਪਾਣੀ। ਇਸ ਲਈ ਮਿਹਰ ਕਰੋ, ਬਖਸ਼ਿਸ਼ ਕਰੋ ਅਸਾਂ ਗਰੀਬਾਂ ਤੇ। ਆਪ ਨੂੰ ਨਿਰੰਕਾਰ ਜੀ ਨੇ ਸਾਡੇ ਦੁਖੀਆਂ ਦੇ ਦੁਖ ਦੂਰ ਕਰਨ ਲਈ ਹੀ ਤਾਂ ਭੇਜਿਆ ਹੈ।'

ਇਹ ਵੇਖ ਬਾਬਾ ਜੀ ਇਕ ਦਮ ਅੰਤਰ ਧਿਆਨ ਹੋ ਗਏ ਥੋੜੀ ਦੇਰ ਤੋਂ ਬਾਅਦ ਇਕ ਦਮ ਉਠੇ ਤੇ ਪੈਰਾਂ ਵਿਚ ਉਸ ਸਮੇਂ ਜੋ ਖੜਾਵਾਂ ਪਾਈਆਂ ਸਨ ਇਕ ਖੜਾਂਵ ਨੂੰ ਆਪ ਨੇ ਪਹਾੜੀ


www.AKJ.Org

ਦੇ ਟਿੱਲੇ ਨਾਲ ਛੁਹਾ ਦਿਤਾ। ਬਸ ਛੁਹਾਵਣ ਦੀ ਹੀ ਦੇਰ ਸੀ ਜੋ ਉਸ ਸਮੇਂ ਉਸ ਪਹਾੜੀ ਵਿਚੋਂ ਇਕ ਜ਼ੋਰ ਨਾਲ ਪਾਣੀ ਦੀ ਧਾਰਾ ਵਗ ਤੁਰੀ ਜੋ ਹੁਣ ਤੀਕ ਇਕ ਰਸ ਵਗ ਰਹੀ ਹੈ। ਇਹ ਕੌਤਕ ਵੇਖ ਕੇ ਸਾਰੀ ਜਨਤਾ ਨੇ ਬਾਬਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ, 'ਧੰਨ ਗੁਰੂ ਨਾਨਕ' ਦੀ ਗੂੰਜ ਸਾਰੇ ਪਾਸੇ ਫੈਲ ਗਈ।

ਉਸ ਨਿਰੰਕਾਰ ਅਕਾਲ ਪੁਰਖ ਵਾਹਿਗੁਰੂ ਦਾ ਕੋਟਾਨ ਕੋਟ ਧੰਨਵਾਦ ਕੀਤਾ ਇਹ ਖ਼ਬਰ ਦੂਰ ਦੂਰ ਤੀਕ ਫੈਲ ਗਈ ਜੋ 'ਨਾਨਕ ਝੀਰਾ' ਪ੍ਰਗਟ ਹੋਇਆ ਹੈ। ਚਲੋ ਚਲ ਕੇ ਦਰਸ਼ਨ ਕਰੋ। ਦੂਰ ਦੂਰ ਤੋਂ ਮਾਈ ਭਾਈ ਮਿਲ ਕੇ ਆਉਣ ਲਗ ਪਏ। ਦਿਨ ਰਾਤ ਉਸ ਨਾਨਕ ਝੀਰੇ ਅਸਥਾਨ ਤੇ ਮੇਲਾ ਹੀ ਲਗ ਗਿਆ। ਬਾਬਾ ਜੀ ਇਹ ਕੌਤਕ ਕਰ ਮਦਰਾਸ ਤੋਂ ਹੁੰਦੇ ਹੋਏ ਰਾਮੇਸ਼ੰਵਰ ਨੂੰ ਚਾਲੇ ਪਾ ਦਿਤੇ, ਤੇ ਕੁਝ ਚਿਰ ਮਗਰੋਂ ਇਹ ਸੁੰਦਰ ਅਸਥਾਨ 'ਨਾਨਕ ਝੀਰਾ' ਕਰਕੇ ਮਸ਼ਹੂਰ ਹੋਇਆ,ਇਹ ਅਸਥਾਨ ਆਪਣੀ ਮਿਸਾਲ ਆਪ ਹੀ ਹੈ। ਇਥੋਂ ਜਨਵਾੜਾ ਨਾਮੀ ਇਕ ਪਿੰਡ ਛੇ ਮੀਲ ਦੀ ਵਿੱਥ ਤੇ ਹੈ,ਜਿਥੇ ਮਾਈ ਭਾਗੋ ਦਾ ਅੰਤਮ ਅਸਥਾਨ ਹੈ। ਨਾਨਕ ਝੀਰਾ ਸਾਹਿਬ ਦੀ ਕਦੀਮ ਤੋਂ ਸੇਵਾ ਕਰਨ ਵਾਲੇ ਉਦਾਸੀ ਸਾਧੂ ਹੀ ਗੁਰਦੁਆਰਾ ਨਾਨਕ ਝੀਰਾ ਸਾਹਿਬ ਦੀ ਸੇਵਾ ਕਰਿਆ ਕਰਦੇ ਸਨ। ਸੰਨ ੧੯੮੦ ਵਿਚ ਨਿਜ਼ਾਮ ਸਰਕਾਰ ਵਲੋਂ ਆਪਣੇ ਸ਼ਾਹੀ ਖ਼ਜ਼ਾਨੇ ਤੋਂ ਜੇਲ੍ਹਾਂ ਦੀ ਸੰਭਾਲ ਰਾਖੀ ਲਈ ਇਕ ਸਿਖ ਸਰਦਾਰਾਂ ਦੀ ਪਲਟਨ ਬਿਦਰ ਵਿਚ ਭੇਜੀ ਗਈ। ਉਹਨਾਂ ਨੇ ਆਪਣੇ ਗੁਰਦੁਆਰਾ ਸਾਹਿਬ ਨਾਨਕ ਝੀਰਾ ਸਾਹਿਬ ਦੀ ਸੇਵਾ ਉਦਾਸੀ ਸਾਧੂਆਂ ਪਾਸੋਂ ਆਪਣੇ ਹੱਥ ਲੈ ਲਈ। ਇਸ ਸ਼ਹਿਰ ਦੇ ਆਮ ਲੋਕੀਂ ਝੀਰੇ ਸਾਹਿਬ ਦਾ ਪਾਣੀ ਲੈ ਜਾਇਆ ਕਰਦੇ,ਅਤੇ ਝੀਰੇ ਸਾਹਿਬ ਦੇ ਪਾਣੀ ਨੂੰ ਅਯੋਗ ਤਰੀਕੇ ਨਾਲ ਵਰਤਦੇ ਸਨ। ਇਸ ਤਰ੍ਹਾਂ ਦੀ ਬੇਅਦਬੀ ਵੇਖ ਕੇ ਸਿੰਘਾਂ ਨੇ ਰੋਕ ਟੋਕ ਸ਼ੁਰੂ ਕਰ ਦਿਤੀ। ਜਿਸ ਕਰਕੇ ਆਪਸ ਵਿਚ ਮੁਖ਼ਾਲਫ਼ਤ ਵਧ ਗਈ ਤੇ ਉਸ ਸਮੇਂ ਦੇ ਮੁਕਾਮੀ ਆਫ਼ੀਸਰਾਂ ਨੇ ਆਪਣੀ ਹਕੂਮਤ ਨੂੰ ਵਰਤੋਂ ਵਿਚ ਲਿਆ ਕੇ ਸਿੰਘਾਂ ਦੀ ਪਲਟਨ ਦੀ ਬਦਲੀ ਕਰਾ ਦਿੱਤੀ। ਸਿੰਘਾਂ ਨੂੰ ਜੋ ਉਸੇ ਸਮੇਂ ਗੌਰਮਿੰਟ ਦੇ ਮੁਲਾਜ਼ਮ ਸਨ। ਤਬਾਦਲੇ ਦੀ ਵਜ੍ਹਾ ਨਾਲ ਬਿਦਰ ਤੋਂ ਜਾਣਾ ਪਿਆ।

ਇਸ ਤੋਂ ਮਗਰੋਂ ਮੁਖ਼ਾਲਿਫ਼ ਪਾਰਟੀ ਦੇ ਲੋਕਾਂ ਨੇ ਝੀਰਾ ਸਾਹਿਬ ਦੇ ਪਾਣੀ ਨੂੰ ਆਪਣੀ ਵਰਤੋਂ ਵਿਚ ਲੈ ਆਂਦਾ। ਕੁਝ ਸਮੇਂ ਬਾਅਦ ਨਾਨਕ ਝੀਰਾ ਸਾਹਿਬ ਦੇ ਨਾਮ ਨੂੰ ਬਦਲਕੇ ਚਸ਼ਮੇ ਸ਼ਾਹਦਾਦ ਦੇ ਨਾਮ ਨਾਲ ਮਸ਼ਹੂਰ ਕਰਨ ਲਗ ਪਏ। ਇਹ ਦੇਖ ਕੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਲੋਂ ਤੇ ਸ਼ਰੋਮਣੀ ਕਮੇਟੀ ਵਲੋਂ ਗੌਰਮੈਂਟ ਨੂੰ ਪ੍ਰੋਟੈਸਟ ਭੇਜਿਆ ਗਿਆ ਤੇ ਕਾਰਵਾਈ ਚਲਦੀ ਰਹੀ। ਸਿਖ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ ਸਨ। ਆਸ ਪਾਸ ਦੇ ਪਿੰਡਾਂ ਵਿਚ ਠਹਿਰ ਕੇ ਰਾਤ ਦੇ ਵੇਲੇ ਚੋਰੀ ਛਪੀ ਆ ਕੇ ਝੀਰਾ ਸਾਹਿਬ ਦੇ ਦਰਸ਼ਨ ਤੇ ਇਸ਼ਨਾਨ ਕਰਦੇ ਸਨ। ਆਮ ਤੌਰ 'ਤੇ ਇਸ ਜਗ੍ਹਾ 'ਤੇ ਹਿੰਦੂ ਜਾਂ ਸਿਖ ਨਹੀਂ ਆ ਸਕਦੇ ਸਨ। ਕੁਝ ਚਿਰ ਬਾਅਦ ਜਦ ਕਿ ਸੰਨ ੧੯੪੭ ਵਿਚ ਪੁਲੀਸ ਐਕਸ਼ਨ ਹੋਇਆ,ਤਾਂ ਉਸ ਸਮੇਂ ਖ਼ਾਲਸਾ ਜੀ ਨੇ ਮੁੜ ਆਪਣੇ ਅਸਥਾਨ ਸ੍ਰੀ ਨਾਨਕ ਝੀਰਾ ਸਾਹਿਬ ਦੀ ਸੇਵਾ ਸੰਭਾਲ ਕੀਤੀ। ਆਖ਼ਰਕਾਰ ਮੁਖ਼ਾਲਫ਼ ਪਾਰਟੀ ਨੇ ਅਦਾਲਤ ਵਿਚ



www.AKJ.Org

ਦਾਅਵਾ ਦਾਇਰ ਕਰ ਦਿਤਾ ਜਿਸ ਦਾ ਫ਼ੈਸਲਾ ਦੋ ਸਾਲ ਮਗਰੋਂ ਸਿਖਾਂ ਦੇ ਹੱਕ ਵਿਚ ਹੋਇਆ, ਇਸ ਦੀ ਅਪੀਲ ਹਾਈਕੋਰਟ ਵਿਚੋਂ ਵੀ ਖ਼ਾਰਜ ਹੋ ਚੁਕੀ ਹੈ।

੧੯੪੮ ਤੋਂ ਆਪਣਾ ਕੰਮ ਲਗਾਤਾਰ ਕਮੇਟੀ ਕਰ ਰਹੀ ਹੈ। ਸੰਗਤਾਂ ਦੂਰ ਦੂਰ ਤੋਂ ਆਉਂਦੀਆਂ ਹਨ ਦਰਸ਼ਨ ਕਰ ਲਾਭ ਉਠਾਦੀਆਂ ਹਨ। ਸਭ ਮਾਈ ਭਾਈ ਦੇ ਮੂੰਹੋਂ ਇਹੋ ਨਿਕਲਦਾ ਹੈ, 'ਧੰਨ ਗੁਰੂ ਨਾਨਕ।' ਇਹ ਅਸਥਾਨ ਤਾਂ ਸਚ ਮੁਚ ਦੂਸਰਾ ਸ੍ਰੀ ਪੰਜਾ ਸਾਹਿਬ ਹੀ ਹੈ। ਅਤੇ ਜਲ ਵੀ ਇਤਨਾ ਸੁਆਦਿਸ਼ਟ ਤੇ ਗੁਣਕਾਰੀ ਹੈ, ਜਿਸ ਦੀ ਮਹਿਮਾ ਡਾਕਟਰ ਲੋਕ ਵੀ ਕਰਦੇ ਹਨ। ਇਹ ਅੰਮ੍ਰਿਤ ਸਮਾਨ ਜਲ ਕਈ ਬੀਮਾਰੀਆਂ ਨੂੰ ਠੀਕ ਕਰਦਾ ਹੈ। ਇਸ ਜਲ ਵਿਚੋਂ ਸਲਫੇਟ ਯੈਨੀ ਗੰਧਕ ਦੀ ਖੁਸ਼ਬੂ ਵੀ ਆਉਂਦੀ ਹੈ ਇਸ ਜਲ ਵਿਚ ਹੋਰ ਬਹੁਤ ਸਾਰੇ ਐਸੇ ਗੁਣ ਹਨ ਜੋ ਤਪਦਿਕ ਜਿਹੀ ਖ਼ਤਰਨਾਕ ਬੀਮਾਰੀ ਨੂੰ ਵੀ ਰਾਜ਼ੀ ਕਰਨ ਦੀ ਸ਼ਕਤੀ ਰਖਦੇ ਹਨ। ਇਹ ਜਲ, ਫੋੜਾ ਫਿਨਸੀ, ਚਰਮ ਦੇ ਰੋਗੀ ਬੀਮਾਰਾਂ ਨੂੰ ਤੰਦਰੁਸਤੀ ਬਖ਼ਸ਼ਦਾ ਹੈ। ਕਈ ਬੀਮਾਰ ਇਸ ਜਲ ਨੂੰ ਲਗਾਤਾਰ ਛਕ ਕੇ ਤੇ ਇਸ਼ਨਾਨ ਕਰ ਰਾਜ਼ੀ ਹੁੰਦੇ ਦੇਖੇ ਗਏ ਹਨ।

ਇਸੇ ਝੀਰਾ ਸਾਹਿਬ ਨਾਲ ਕੁਝ ਜ਼ਮੀਨ ਹੈ, ਜਿਸ ਵਿਚੋਂ ਤਕਰੀਬਨ ੫-੬ ਏਕੜ ਦੇ ਟੁਕੜੇ ਦੀ ਸਿੰਜਾਈ ਹੁੰਦੀ ਹੈ ਬਾਕੀ ਜ਼ਮੀਨ ਖੁਸ਼ਕ ਤੇ ਪਹਾੜੀ ਹੈ, ਹੋਰ ਕੋਈ ਖਾਸ ਆਮਦਨ ਦਾ ਜ਼ਰੀਆ ਨਹੀਂ। ਇਸ ਸਮੇਂ ਗੁਰਦੁਆਰਾ ਸਾਹਿਬ ਮਾਮੂਲੀ ਇਮਾਰਤ ਦੀ ਸ਼ਕਲ ਵਿਚ ਹੈ। ਕਮੇਟੀ ਨੇ ਫੈਸਲਾ ਕੀਤਾ ਹੈ ਜੋ ਇਹ ਅਸਥਾਨ ਸ੍ਰੀ ਪੰਜਾ ਸਾਹਿਬ ਦੀ ਤਰ੍ਹਾਂ ਰਮਣੀਕ ਤੇ ਸੁੰਦਰ ਹਰਿਮੰਦਰ ਤੇ ਸਰੋਵਰ ਵਾਲਾ ਬਣੇ ਕਿਉਂਕਿ ਸ੍ਰੀ ਪੰਜਾ ਸਾਹਿਬ ਤਾਂ ਹੁਣ ਪਾਕਿਸਤਾਨ ਵਿਚ ਰਹਿ ਗਿਆ ਹੈ, ਉਸ ਦੇ ਖੁਲ੍ਹੇ ਦਰਸ਼ਨ ਤਾਂ ਅਜੇ ਨਹੀਂ ਹੋ ਸਕਦੇ। ਇਸ ਸਮੇਂ ਏਸੇ ਅਸਥਾਨ ਨੂੰ ਹੀ ਸ੍ਰੀ ਪੰਜਾ ਸਾਹਿਬ ਸਮਝ ਕੇ ਇਸ ਪਾਸੇ ਪੂਰਾ ਧਿਆਨ ਦਿਓ। ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੋ ਗੁਰੂ ਪੰਥ ਤੇ ਗੁਰੂ ਸੰਗਤ ਇਸ ਪਾਸੇ ਧਿਆਨ ਦੇਣ ਅਤੇ ਕਮੇਟੀ ਨਾਲ ਹੱਥ ਵਟਾ ਕੇ ਵਧ ਚੜ੍ਹ ਕੇ ਤਨ ਮਨ ਤੇ ਧਨ ਨਾਲ ਸੇਵਾ ਕਰਨ ਅਤੇ ਗੁਰੂ ਬਾਬੇ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਥੋੜੇ ਸਮੇਂ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖੀ ਜਾ ਚੁਕੀ ਹੈ ਅਤੇ ਸਰੋਵਰ ਸਾਹਿਬ ਦੀ ਸੇਵਾ ਵੀ ਜਾਰੀ ਹੈ, ਰਿਹਾਇਸ਼ ਲਈ ਤਕਰੀਬਨ ੨੪ ਕਮਰੇ ਸੰਗਤਾਂ ਵਲੋਂ ਤਿਆਰ ਹੋ ਚੁਕੇ ਹਨ। ਆਏ ਗਏ ਯਾਤਰੂਆਂ ਨੂੰ ਪੂਰਾ ਆਰਾਮ ਮਿਲਦਾ ਹੈ ਤੇ ਲੰਗਰ ਵੀ ਜਾਰੀ ਹੈ। ਹਰ ਸਾਲ ਤਖਤ ਸਚਖੰਡ ਹਜ਼ੂਰ ਸਾਹਿਬ ਤੋਂ ਚੌਕੀ ਤੇ ਨਿਸ਼ਾਨ ਸਾਹਿਬ ਜਲੂਸ ਦੀ ਸ਼ਕਲ ਵਿਚ ਆਉਂਦੇ ਹਨ। ਸ੍ਰੀ ਅਖੰਡ ਪਾਠ ਰਖੇ ਜਾਂਦੇ ਹਨ। ਜਲੂਸ ਨਿਕਲਦਾ ਹੈ। ਤਕਰੀਬਨ ਇਕ ਹਫ਼ਤੇ ਤਕ ਬੜੀ ਰੌਣਕ ਲੱਗੀ ਰਹਿੰਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪੁਜਦੀਆਂ ਹਨ। ਗੁਰੂ ਕਾ ਅਤੁਟ ਲੰਗਰ ਵਰਤਦਾ ਹੈ। ਸੇਵਾਦਾਰ ਸੇਵਾ ਕਰਨ ਵਾਲੇ ਕਮਰਕਸੇ ਕਰਕੇ ਤਿਆਰ ਰਹਿੰਦੇ ਹਨ। ਇਥੋਂ ਸਟੇਸ਼ਨ ਤਕਰੀਬਨ ਇਕ ਮੀਲ ਦੀ ਵਿੱਥ 'ਤੇ ਹੈ ਅਤੇ ਬਸ ਵੀ ਇਥੇ ਰੁਕਦੀ ਹੈ। ਸਵਾਰੀ ਲਈ ਯਾਤਰੂਆਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਹੁੰਦੀ।



www.AKJ.Org

ਮਨੋਵਿਗਿਆਨ ਦੀ ਕਸਵੱਟੀ ਉਤੇ—

# —੦ ਸਾਡਾ ਪ੍ਰਚਾਰ ਢੰਗ ੦—

( ਭਾਈ ਅਮਰੀਕ ਸਿੰਘ ਜੀ ਬੀ.ਏ. ਬੜੋਦਾ )

## ਢਹਿੰਦੀ ਕਲਾ

ਢਹਿੰਦੀ ਕਲਾ ਮਨ ਦੀ ਇਕ ਬੀਮਾਰੀ ਹੈ। ਕਿਸੇ ਵੀ ਬੀਮਾਰੀ ਦਾ ਇਲਾਜ ਕਰਨ ਲਗਿਆਂ ਇਕ ਸਿਆਣਾ ਡਾਕਟਰ ਉਸ ਨੂੰ ਮਨੋਵਿਗਿਆਨਕ ਨੁਕਤਾ ਨਿਗਾਹ ਤੋਂ ਜ਼ਰੂਰ ਵੇਖ ਲੈਂਦਾ ਹੈ ਕਿ ਕਿਤੇ ਇਹ ਮਾਮੂਲੀ ਬੀਮਾਰੀ ਮਨੋਵਿਗਿਆਨਕ ਕਾਰਨਾ ਕਰਕੇ ਤਾਂ ਨਹੀਂ ਆਸਾਧ ਬਣ ਗਈ।

ਅਸੀਂ ਸਾਰੇ ਜਾਣਦੇ ਹਾਂ ਕਿ ਹਰ ਪਹਿਲੂ ਤੋਂ ਸਿਖ ਧਰਮ ਹੋਰ ਸਭ ਧਰਮਾਂ ਤੋਂ ਨਵੀਨ ਤੇ ਉਚਾ ਹੈ, ਪਰ ਜੋ ਦਸ਼ਾ ਸਾਨੂੰ ਸਾਡੇ ਧਰਮ ਦੀ ਦਿਸ ਰਹੀ ਹੈ ਉਹ ਵੀ ਕਿਸੇ ਤੋਂ ਛੁਪੀ ਹੋਈ ਨਹੀਂ॥ ਸਾਡੀ ਤਾਂ ਗਿਣਤੀ ਹੀ ਘਟ ਹੈ, ਤੇ ਘਟ ਗਿਣਤੀ ਹੁੰਦਿਆਂ ਹੋਇਆਂ ਵੀ ਅਸੀਂ ਸਾਰੇ ਮਸਾਲ ਯੋਗ ਨਹੀਂ। ਰਹਿਣੀ ਬਹਿਣੀ ਵਾਲੇ ਟਾਂਵੇ ਟਾਂਵੇ ਹੀ ਦਿਸਦੇ ਹਨ।

ਦਾੜ੍ਹੀ ਦੀ ਬੇਅਦਬੀ ਖੁਲ੍ਹਮ ਖੁਲ੍ਹਾ ਹੋ ਰਹੀ। ਵਡੇ ਤੋਂ ਵਡੇ ਅਹੁਦਿਆਂ ਤੇ ਬਿਰਾਜਮਾਨ ਸਿਖ ਆਪਣੀ ਹਉਮੈ ਦੇ ਦਰਿਆ ਵਿਚ ਵਹਿ ਰਹੇ ਹਨ, ਅਨ੍ਹੇ ਬੋਲ਼ੇ ਹੋਏ ਪਏ ਹਨ ਤੇ ਦਾੜ੍ਹੀਆਂ ਕਟੀ ਵਢੀ ਫਿਰਦੇ ਆਪਣੇ ਥਲੇ ਦੇ ਹਜ਼ਾਰਾਂ ਦੀ ਗਿਣਤੀ ਦੇ ਸਿਖ ਅਮਲੇ ਉਤੇ ਵੀ ਢਾਹ ਲਾਊ ਆਚਰਣ ਗਿਰਾਓ ਅਸਰ ਪਾ ਰਹੇ ਹਨ। ਅਜ ਇਹ ਅਵਸਥਾ ਆ ਚੁਕੀ ਹੈ ਕਿ ਸਾਡੀ ਪਨੀਰੀ ਜ਼ਵਾਨ ਸਿਖ ਬਚੇ ਕੋਈ ਵਿਰਲੇ ਥੋੜੇ ਹੀ ਸਾਬਤ ਸੂਰਤ ਨਜ਼ਰ ਆਉਂਦੇ ਹਨ।

ਸ਼ਰਾਬ ਅੰਧਾ ਧੁੰਧ ਵਰਤੀ ਜਾ ਰਹੀ ਹੈ ਤੇ ਅਖੌਤੀ ਸਿਖੜੇ ਦੂਜੇ ਸਿਖ ਯੁਵਕਾਂ ਨੂੰ ਹਥੀ ਸ਼ਰਾਬਾਂ ਪਿਲਾਉਂਦੇ ਤੇ ਨ ਪੀਣ ਵਾਲਿਆਂ ਦਾ ਠਠਾ ਉੜਾਉਂਦੇ ਨਜ਼ਰ ਆਉਂਦੇ ਹਨ।

ਕਈ ਮੂਰਖ ਤਾਂ ਸਿਗਰਟਾਂ ਬੀੜੀਆਂ ਹੁਕੜੀਆਂ ਦਾ ਸੇਵਣ ਵੀ ਕਰਦੇ ਹਨ, ਹਰ ਸ਼ਰਮ ਨੂੰ ਝਾਗ ਗਏ ਨੇ ਉਹ।

ਮਾਸ ਨ ਖਾਣ ਬਾਰੇ ਸ਼ੁਧ ਸਪਸ਼ਟ ਵਿਚਾਰਾਂ ਦੇ ਹੁੰਦਿਆਂ ਹੋਇਆਂ ਵੀ ਮਾਸ ਘਰ ਵਿਚ ਪਰਧਾਨ ਹੈ।

ਕੀ ਕਦੀ ਅਸੀਂ ਇਹ ਵੀ ਵੀਚਾਰਿਆ ਹੈ ਕਿ ਇਸ ਸਭ ਕੁਝ ਦਾ ਕਾਰਨ ਕੀ ਹੈ?

## ਸਾਡੇ ਧਰਮ ਦਾ ਪ੍ਰਚਾਰ ਹੀ ਹੈ ਨਹੀਂ

ਅਜ ਦੇ ਸਿਖ ਨੂੰ ਪਤਾ ਹੀ ਨਹੀਂ ਕਿ ਸਾਡਾ



www.AKJ.Org

ਧਰਮ ਕਹਿੰਦਾ ਹੀ ਕੀ ਪਿਐ। ਨਾਮ ਨੂੰ ਤਾਂ ਇਕ ਇਕ ਪਿੰਡ ਦੇ ਦੁਆਲੇ ਚਾਰ ਚਾਰ ਸੰਤਾਂ ਨੇ ਘੇਰਾ ਪਾਇਆ ਹੋਇਆ ਹੈ ਤੇ ਸਚਿਆਰ ਸਿਖ ਇਕ ਨਹੀਂ ਲਭਦਾ।

ਇਤਨੇ ਗੁਰਪੁਰਬ ਮਨਾਏ ਜਾਂਦੇ ਹਨ,ਇਤਨੇ ਅਖੰਡ ਪਾਠ ਸਾਹਿਬ ਕੀਤੇ ਜਾਂਦੇ ਹਨ ਪਰ ਫਿਰ ਵੀ ਸਾਡੀ ਧਾਰਮਕ ਦਸ਼ਾ ਇਤਨੀ ਨੀਵੀਂ ਹੈ ਤੇ ਨਿੱਤ ਨਿਘਰਦੀ ਜਾ ਰਹੀ ਹੈ।

ਰਾਗੀਆਂ ਤੇ ਪਰਚਾਰਕਾਂ ਦੀ ਕੋਈ ਘਾਟ ਨਹੀਂ, ਇਕ ਇਕ ਪਿੰਡ/ਸ਼ਹਿਰ ਵਿਚ ਦੋ ਦੋ ਚਾਰ ਚਾਰ, ਦਸ ਦਸ ਤੇ ਕਿਧਰੇ ਕਿਧਰੇ ਸਠ ਸੱਠ ਗੁਰਦੁਆਰੇ ਵੀ ਹੋਣਗੇ ਸਭ ਵਿਚ ਰਾਗੀ ਤੇ ਪ੍ਰਚਾਰਕ ਆਪਣੀ ਵਾਹ ਲਾ ਰਹੇ ਹਨ, ਕੀਰਤਨ ਬੇਅੰਤ ਹੋ ਰਿਹਾ ਹੈ। ਪ੍ਰਚਾਰ ਬਹੁਤ ਹੋ ਰਿਹਾ ਹੈ ਪਰ ਫਿਰ ਵੀ ਸਾਡੀ ਇਹ ਦਸ਼ਾ?

ਇਹ ਤਾਂ ਬਿਲਕੁਲ "ਮਾਮੂਲੀ ਬੀਮਾਰੀ ਅਸਾਧ ਬਣ ਗਈ" ਵਾਲੀ ਦਸ਼ਾ ਹੈ ਤੇ ਸਾਡੇ ਪਰਚਾਰ ਢੰਗ ਵਿਚ ਨੁਕਸ ਪੈ ਜਾਣ ਦੀ ਸੂਚਕ ਹੈ ਤੇ ਮੰਗ ਕਰ ਰਹੀ ਹੈ ਮਨੋਵਿਗਿਆਨਕ ਕਸਵੱਟੀ ਉਤੇ ਪਰਚਾਰ ਢੰਗ ਨੂੰ ਪਰਖਣ ਦੀ।

## ਅਜ ਦਾ ਮਨੁਖੀ ਮਨ

ਅਸੀਂ ਸਾਇੰਸ ਦੇ ਯੁਗ ਵਿਚੋਂ ਲੰਘ ਰਹੇ ਹਾਂ, ਅਜ ਦਾ ਮਨੁਖ ਕਿੰਤੁਕੀ ਹੈ ਹਰ ਗਲ ਨੂੰ ਘੋਖਦਾ ਹੈ ਤੇ ਜਿਨਾਂ ਚਿਰ ਉਸ ਦੇ ਮਨ ਦੀ ਤਸੱਲੀ ਨਹੀਂ ਹੁੰਦੀ, ਉਹ ਕਿਸੇ ਗਲ ਨੂੰ ਮੰਨਦਾ ਨਹੀਂ। ਹਰ ਗਲ ਲਈ ਦਲੀਲ ਮੰਗਦਾ ਹੈ। ਲਾਭ ਤੇ ਹਾਨੀ ਤੋਂ ਵਾਕਫ਼ ਹੋਣਾ ਚਾਹੁੰਦਾ ਹੈ। ਜਦ ਤਕ ਕਿੰਤੂ ਦਾ ਤਸੱਲੀ ਬਖ਼ਸ਼ ਜਵਾਬ ਨ ਦਿਤਾ ਜਾਏ ਜਗਿਆਸੂ ਦਾ ਮਨ ਨਹੀਂ ਮੰਨਦਾ। ਹਰ ਮਨੁਖ ਪ੍ਰੇਰਨਾ ਮੰਗਦਾ ਹੈ ਕਿਸੇ ਪਾਸੇ ਲਗਣ ਲਈ ਮਨੁਖ ਉਹ ਕੰਮ ਕਰਦਾ ਹੈ ਜੇਹੜਾ ਇਸ ਦੇ ਮਨ ਨੂੰ ਚੰਗਾ ਲਗੇ ਤੇ ਚੰਗੀ ਉਹ ਗਲ ਲਗੇਗੀ ਮਨ ਨੂੰ, ਜੇਹੜੀ ਮਨ ਨੂੰ ਪੋਹ ਜਾਇ, ਜਿਸ ਗਲ ਦਾ ਮਨ ਤੇ ਅਸਰ ਹੋ ਜਾਏ।

ਖੇਡ ਸਾਰੀ ਮਨ ਦੀ ਹੈ ਤੇ ਸਿਖੀ ਦਾ ਸਹੀ ਪਰਚਾਰ ਤਾਂ ਹੀ ਹੋ ਸਕਦਾ ਹੈ ਜੇ ਮਨੁਖ ਦੇ ਮਨ ਨੂੰ ਅਸੀਂ ਮਨਾ ਲਈਏ ਸਿਖੀ ਦੇ ਅਸੂਲਾਂ ਤੇ ਚਲਣ ਲਈ, ਇਸ ਕੰਮ ਲਈ ਮਨੋਵਿਗਿਆਨ ਦੀ ਵਰਤੋਂ ਦੀ ਬਹੁਤ ਲੋੜ ਹੈ।

## ਅਜ ਦੇ ਯੁਗ ਵਿਚ ਮਨੋਵਿਗਿਆਨ ਦੀ ਥਾਂ

ਅਗੇ ਆਪਣੀ ਮਸ਼ਹੂਰੀ ਲਈ ਲੋਕ ਬੋਰਡ ਲਗਵਾਂਦੇ, ਡੌਂਡੀ ਪਿਟਵਾਂਦੇ, ਇਸ਼ਤਿਹਾਰ ਵੰਡਦੇ ਤੇ ਕੰਧਾਂ ਉਤੇ ਮੋਟਾ ਮੋਟਾ ਲਿਖਵਾਂਦੇ ਸਨ ਹੁਣ ਮੁਨਿਆਦੀ ਦੇ ਢੰਗ ਵਿਚ ਵੀ ਬੜੀ ਤਰੱਕੀ ਹੋ ਗਈ ਹੈ, ਮਨੋਵਿਗਿਆਨਕ ਖੋਜ ਦਾ ਲਾਭ ਉਠਾਇਆ ਜਾਣ ਲਗ ਪਿਐ, ਚੌਥੀ ਛੱਤ ਉਤੇ ਜਿਥੇ ਮਨੁੱਖ ਨੇ ਨਿਗਾਹ ਨ ਕੀਤੀ ਹੋਵੇ ਬੋਰਡ ਫਿਟ ਕੀਤੇ ਜਾਂਦੇ ਹਨ ਤੇ ਬੱਤੀਆਂ ਜਗਾ ਬੁਝਾ ਕੇ ਮਨੁੱਖ ਦਾ ਲੰਘਦੇ ਜਾਂਦੇ ਧਿਆਨ ਓਧਰ ਖਿੱਚ ਲਿਆ ਜਾਂਦਾ ਹੈ ਮਨੋਵਿਗਿਆਨ ਦਾ ਅਸੂਲ 'Mind notices a change very quickly' ਵਰਤਿਆ ਹੋਇਆ ਸਾਫ਼ ਦਿਖਾਈ ਦੇ ਰਿਹਾ ਹੈ। ਬਾਰ ਬਾਰ ਇਕੋ ਚੀਜ਼ ਨੂੰ ਵੇਖ ਕੇ ਉਸ ਦੇ ਗੁਣ ਪੜ੍ਹ ਕੇ ਮਨੁਖੀ ਮਨ ਤੇ ਉਸ ਚੀਜ਼ ਬਾਰੇ ਕੁਝ ਵਿਚਾਰ ਬਣਨ ਲਗ ਪੈਂਦੇ ਹਨ, ਜਿਵੇਂ ਵਾਕਫ਼ੀਅਤ ਜਹੀ ਬਣ ਜਾਂਦੀ ਹੈ ਉਸ ਚੀਜ਼ ਨਾਲ। ਹੁਣ ਜਦੋਂ ਇਹ ਮਨੁੱਖ ਕੁਝ ਖਰੀਦਣ ਜਾਂਦਾ ਹੈ ਤਾਂ


www.AKJ.Org

ਉਹ ਚੀਜ਼ ਮੰਗਦਾ ਹੈ ਜਿਸ ਦਾ ਇਹ ਨਾਂ ਜਾਣਦਾ ਹੈ, ਦੁਕਾਨਦਾਰ ਅਗਰ ਵਧੀਆ ਚੀਜ਼ ਵੀ ਦਿਖਾਂਦਾ ਹੈ ਜਿਸ ਦੇ ਨਾਮ ਤੋਂ ਗਾਹਕ ਨੂੰ ਵਾਕਫ਼ੀ ਨ ਹੋਵੇ, ਤਾਂ ਗਾਹਕ ਕਹਿੰਦਾ ਹੈ ਅਮਕੀ ਸ਼ੈ ਦੀ ਮਸ਼ਹੂਰੀ ਜ਼ਿਆਦਾ ਸੁਣੀ ਹੈ ਇਹ ਹੀ ਦਿਓ। ਗਾਹਕ ਨੂੰ ਭਾਵੇਂ ਸਮਝ ਨ ਹੋਵੇ ਇਸ ਗਲ ਦੇ ਕਾਰਨ ਦੀ ਪਰ ਮਨੋਵਿਗਿਆਨੀ ਜਾਣਦਾ ਹੈ ਕਿ "We want only that sty about which good opinion is already existing in our mind" ਜਾਂ ਦੂਜਾ ਅਸੂਲ 'We shun Strange things' 'ਸਿਟਾ ਇਹ ਨਿਕਲਿਆ ਕਿ ਘਟੀਆ ਤੋਂ ਘਟੀਆ ਸਾਮਾਨ ਜਾਂ ਵਧੀਆਂ ਤੋਂ ਵਧੀਆ ਪਦਾਰਥ ਨੂੰ ਵੇਚ ਸਕਣਾ ਜਾਂ ਘਾਟਾ ਪਾ ਲੈਣ ਅਜਕਲ ਦੁਕਾਨਦਾਰ ਵਲੋਂ ਕੀਤੀ ਮਨੋ-ਵਿਗਿਆਨਕ ਅਸੂਲਾਂ ਦੀ ਵਰਤੋਂ ਤੇ ਨਿਰਭਰ ਹੈ।

'ਅਜ ਦੇ ਯੁਗ ਵਿਚ ਜੇਹੜਾ ਦੁਕਾਨਦਾਰ ਮਨੋਵਿਗਿਆਨ ਨੂੰ ਤਲਾਂਜਲੀ ਦੇਂਦਾ ਹੈ ਉਸ ਦੀ ਦੁਕਾਨ ਫੇਲ, ਜੇਹੜਾ ਡਾਕਟਰ ਇਸ ਨੂੰ ਭੁਲ ਜਾਏ ਉਸ ਦੀ ਪ੍ਰੈਕਟਿਸ ਫੇਲ। ਜੇਹੜੀ ਪਾਰਟੀ ਇਸ ਨੂੰ ਭੁਲ ਜਾਏ ਉਹ ਪਾਰਟੀ ਫੇਲ ਤੇ ਫਿਰ ਜੇਹੜਾ ਧਰਮ ਇਸ ਮਨੋਵਿਗਿਆਨ ਨੂੰ ਆਪਣੇ ਪਰਚਾਰ ਵਿਚ ਨ ਵਰਤੇਗਾ ਉਸ ਦੀ ਉਚੀ ਕਲਾ ਕਿਵੇਂ ਹੋ ਸਕੇਗੀ ?'

ਕਾਲਜਾਂ ਤੇ ਸਕੂਲਾਂ ਵਿਚ ਪੜ੍ਹਾਈ ਵੀ ਮਨੋਵਿਗਿਆਨਕ ਢੰਗਾਂ ਨਾਲ ਕਰਾਈ ਜਾਂਦੀ ਹੈ। ਟੀਚਰਾਂ ਨੂੰ ਟਰੇਨਿੰਗ ਦੇ ਦੌਰਾਨ ਮਨੋਵਿਗਿ-ਆਨਕ ਦਾ ਮਜ਼ਮੂਨ ਖਾਸ ਪੜ੍ਹਾਇਆ ਜਾਂਦਾ ਹੈ (Psychology) ਸ਼ਿਸ਼ੂ ਦੇ ਮਨ ਤੇ ਕੋਈ ਚੀਜ਼ ਬਿਠਾਣ ਲਈ ਤਿੰਨ ਖਾਸ ਤਰੀਕੇ ਵਰਤੇ ਜਾਂਦੇ ਹਨ। (੧) ਸੁਣਾ ਕੇ (Audio) (੨) ਲਿਖਿਆ ਹੋਇਆ ਵਿਖਾ ਕੇ (ਭਾਵੇਂ ਬੋਰਡ ਤੇ ਹੀ ਲਿਖਕੇ ਵਿਆਖਿਆ ਜਾਏ) (੩) Visual-1 ਤੇ Practical ਕਰਕੇ Visual 2 ਇਹ ਅਸੂਲ ਤਿਨੇ ਹੀ ਵਡਿਆਂ ਉਤੇ ਵੀ ਪੂਰੇ ਲਾਗੂ ਹਨ।'

## ਗੁਰੂ ਸਾਹਿਬ ਪਰਮ ਮਨੋਵਿਗਿਆਨੀ

ਗੁਰੂ ਨਾਨਕ ਸਾਹਿਬ ਜੀ ਨੇ ਮਨੁਖ ਦੇ ਮਨ ਨੂੰ ਪੜ੍ਹਿਆ ਉਹ ਜਾਣਦੇ ਸਨ ਕਿ ਮਨੁਖੀ ਮਨ ਨੂੰ ਆਤਮਕ ਸਬਕ ਪੜ੍ਹਾਣ ਲਈ ਖਾਸ ਢੰਗਾਂ ਦੀ ਵਰਤੋਂ ਕਰਨੀ ਪਏਗੀ। ਮਨੁਖੀ ਵਰਤੋਂ ਕਰਨੀ ਪਏਗੀ ਮਨ ਤਾਂ ਕਿਸੇ ਆਤਮਕ ਲੈਕਚਰ ਨੂੰ ਸੁਣਦਾ ਹੀ ਨਹੀਂ ਖੁਸ਼ਕ ਮਜ਼ਮੂਨ ਕਰਕੇ ਪਾਸੇ ਹੋ ਜਾਂਦਾ ਸੀ। ਰਾਗ ਸੁਣਨ ਦਾ ਕੰਨ ਰਸੀਆ ਹੋ ਚੂਕਾ ਸੀ, ਗੁਰੂ ਸਾਹਿਬ ਨੇ ਰਾਗ ਵਿਚ ਗੁਰਬਾਣੀ ਨੂੰ ਗਾਉਣਾ ਚਾਲੂ ਕੀਤਾ ਜਾਂ ਇਉਂ ਕਹਿ ਲੋ ਕਿ ਇਸ ਬੀਮਾਰ ਮਨ ਨੂੰ ਗੁਰਬਾਣੀ ਰੂਪੀ ਦਵਾਈ ਰਾਗ ਰੂਪੀ ਖੰਡ ਵਿਚ ਗਲੇਫ਼ ਕੇ ਦਿਤੀ। ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਆਤਮਕ ਵਿਦਿਆਰਥੀ ਨੂੰ ਗੁਰੂ ਸਾਹਿਬ ਨੇ ਆਤਮਕ ਸਬਕ ਸੁਟਾਉਣ ਲਈ ਸੰਗੀਤ ਦੀ ਵਰਤੋਂ ਕਰਕੇ ਸਫ਼ਲਤਾ ਪ੍ਰਾਪਤ ਕੀਤੀ ਹੈ।

ਲਿਖਤ ਵਿਚ ਵੀ ਆਤਮਕ ਸਬਕ ਵਿਦਿ-ਆਰਥੀਆਂ ਨੂੰ ਬਖਸ਼ਿਆ ਗੁਰਬਾਣੀ ਦੇ ਅਥਾਹ ਸਾਗਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਸ਼ ਕੀਤੀ।

Practical ਜੀਵਨ ਦਸ ਜਾਮਿਆਂ ਵਿਚ ਤੇ ਸਾਡੇ ਸਾਹਮਣੇ ਰਖਿਆ ਤਾਂ ਕੇ ਸਾਨੂੰ ਭੁਲ ਨ ਜਾਏ ਕਿਤੇ।

ਸਾਨੂੰ ਘਰ ਦਾ ਕੰਮ ਵੀ ਦਿਤਾ-ਨਿਤਨੇਮ ਦੇ ਰੂਪ ਵਿਚ। Practical ਕਰਨ ਲਈ ਸਾਡਾ ਜੀਵਨ ਨਾਮਸਿਮਰਨ 'ਚ ਜੁੜੇ ਰਹਿਣ ਦਾ ਉਪਦੇਸ਼


www.AKJ.Org

ਦਿਤਾ ਅਜਿਹਾਂ ਕਰਨ ਵਿਚ ਮਨੋਵਿਗਿਆਨ ਦੇ ਇਕ ਹੋਰ ਬੜੇ ਵਡੇ ਅਸੂਲ ਦੀ ਵਰਤੋਂ ਦਿਖ ਰਹੀ ਹੈ ਤੇ ਉਹ ਇਹ ਹੈ।

'ਜੇ ਸਾਡੇ ਮਨ ਨੂੰ ਅਠੇ ਪਹਿਰ ਆਹਰੇ ਨ ਲਗਾਇਆ ਜਾਏ ਤਾਂ 'An idle brain is a devi's workshop' ਵਾਲੀ ਗਲ ਸਾਡੇ ਤੇ ਵਰਤ ਸਕਦੀ ਹੈ ਤੇ ਜੇ ਅਸੀਂ ਨਾਮ ਵਿਸਾਰ ਕੇ ਹੋਰ ਕੰਮਾਂ ਵਿਚ ਮਨ ਲਗਾ ਲੈਂਦੇ ਹਾਂ ਤਾਂ Materialiem ਵਲ ਤਰਕੀ ਤੇ Sprituatiom ਵਲ ਤਰੱਟੀ ਹੁੰਦੀ, ਤਾਂ ਤੇ ਇਹਨਾਂ ਨੂੰ ਰੋਕਣ ਲਈ ਜਿਥੇ ਗੁਰੂ ਸਾਹਿਬ ਨੇ ਮਨੋਵਿਗਿਆਨ ਨੂੰ ਵਰਤਿਆ ਉਥੇ ਮਨੁਖ ਦੇ ਹਿਤ ਨੂੰ ਵੀ ਸਭ ਤੋਂ ਅਗੇ ਰਖਿਆ ਤਾਂਕਿ ਮਨੁਖ ਨਾਮ ਜਪ ਜਪ ਕੇ, ਬਾਣੀ ਪੜ੍ਹ ਕੇ ਇਸ ਮਨ ਦੇ ਮਨਹਿ ਵਿਆਪੀ ਸੁਭਾਓ ਦੇ ਜ਼ੰਜੀਰ ਤੋੜ ਕੇ ਪ੍ਰਭੂ ਪ੍ਰਾਪਤੀ ਕਰ ਸਕੇ।

ਹੁਣ ਦੇਖੋ ਹੈ ਕੋਈ ਹੋਰ ਧਰਮ ਜਿਸ ਵਿਚ ਧਾਰਮਕ ਉਪਦੇਸ਼ ਸੰਗੀਤ ਵਿਚ ਹੋਵੇ। ਸਗੋਂ ਕਈ ਧਰਮਾਂ ਵਿਚ ਸੰਗੀਤ ਮਨ੍ਹਾ ਹੈ ਪਰ ਮਨ ਤੇ ਸੰਗੀਤ ਦਾ ਇਤਨਾ ਅਸਰ ਹੈ ਕਿ ਮਨ ਇਸ ਤੋਂ ਦੂਰ ਹਟ ਨਹੀਂ ਸਕਦਾ।

ਗੁਰੂ ਸਾਹਿਬ ਨੇ ਸਮੇਂ ਦੇ ਪਰਚਲਤ ਹਰ ਕਾਵਿ ਢੰਗ ਨੂੰ ਵਰਤਿਆ ; ਸਲੋਕ, ਪਉੜੀ, ਵਾਰ, ਅਸ਼ਟਪਦੀ ਤੇ ਹੋਰ ਬਨਾਵਟਾਂ ਦੇ ਸ਼ਬਦ ਤਾਕਿ ਕੋਈ ਮਨੁਖ ਅਜ਼ਿਹਾ ਨ ਰਹਿ ਜਾਏ ਜਿਸ ਦੇ ਕੰਨ ਤਕ ਗੁਰ ਉਪਦੇਸ਼ ਨ ਪਹੁੰਚੇ ਹਰ ਇਕ ਦੇ ਸੁਆਦ ਨੂੰ ਪੂਰਾ ਕਰਦਿਆਂ ਉਪਦੇਸ਼ ਵੀ ਦੇ ਦਿਤਾ ਮਿਠੇ ਮਿਠੇ ਵਿਚ ਹੀ।

ਗੁਰੂ ਸਾਹਿਬ ਜੀ ਨੇ ਮਨ ਦੀ ਅਵਸਥਾ ਨੂੰ ਸਮਝਿਆ ਕਿਧਰੇ ਇਸ ਨੂੰ 'ਪਿਆਰਿਆ' ਕਿਧਰੇ 'ਮਿੱਤਰਾ' ਤੇ ਕਿਧਰੇ 'ਅੰਧੇ ਕੂਤੇ ਕੂੜਿਆਰ' ਕਿਧਰੇ ਪਿਆਰ ਨਾਲ, ਕਿਧਰੇ ਝਿੜਕ ਕੇ ਤੇ ਕਿਧਰੇ ਡਰਾ ਕੇ ਮਨ ਨੂੰ ਮਨ ਦੀ ਅਵਸਥਾ ਅਨੁਸਾਰ ਉਪਦੇਸ਼ ਦਿਤਾ।

ਗੁਰੂ ਸਾਹਿਬ ਨੇ ਪਰਚਾਰ ਵਿਚ ਦਲੀਲ ਦੀ ਪੂਰੀ ਵਰਤੋਂ ਕੀਤੀ ਹੈ, ਨਫ਼ਾ ਨੁਕਸਾਨ ਹਰ ਗਲ ਦਾ ਨਾਲ ਦਸਦੇ ਹਨ ਗੁਰਬਾਣੀ ਸਾਰੀ ਪ੍ਰਤੱਖ ਦਰਸਾ ਰਹੀ ਹੈ। ਮਿਸਾਲਾਂ ਦੇ ਦੇ ਕੇ ਸਮਝਾਇਆ ਹੈ ਸਾਨੂੰ, ਤੇ ਫਿਰ ਨਾਲ ਨਾਲ ਨਿਜੀ ਤਜਰਬੇ ਨੂੰ ਸਾਡੇ ਤਕ ਪਰਗਟ ਕਰਦੇ ਹਨ ਤਾਕਿ ਸਾਡੇ ਮਨ ਦੀ ਤਸੱਲੀ ਹੋ ਜਾਏ।

ਗੁਰੂ ਸਾਹਿਬ ਦਾ ਸਾਰਾ ਪ੍ਰਚਾਰ ਮਨੋ-ਵਿਗਿਆਨਕ ਢੰਗ ਤੇ ਸੀ। ਕੋਈ ਸ਼ਬਦ ਲਉ ਉਸ ਵਿਚ ਕੋਈ ਮਨੋਵਿਗਿਆਨਕ ਅਸੂਲ ਕੰਮ ਕਰਦਾ ਨਜ਼ਰ ਆ ਹੀ ਜਾਏਗਾ।' (ਚਲਦਾ)


## ਸਾਨੂੰ ਦਰਸ਼ਨ ਦਿਉ !

ਹਰ ਤਰ੍ਹਾਂ ਦੇ ਸਿਮਰਨੇ ਅਤੇ ਮਾਲਾ: ਸਟੀਲ ਤੇ ਲੋਹੇ ਦੇ, ਚਕਰੀਆਂ ਵਡੀਆਂ ਛੋਟੀਆਂ, ਸਟੋਰਾਂ, ਜੋੜਿਆਂ ਅਤੇ ਸਾਈਕਲਾਂ ਆਦਿ ਲਈ ਅਲਮੋਨੀਅਮ ਦੇ ਟਿਕਟ ਵਖ ਵਖ ਸਾਈਜ਼ਾਂ ਵਿਚ ਆਰਡਰ ਦੇ ਕੇ ਬਣਵਾਉ।

### ਖਾਲਸਾ ਨਿਸ਼ਾਨ ਮੇਕਰਜ਼

(ਪ੍ਰੋਪਰਾਈਟਰ ਕਿਰਪਾਲ ਸਿੰਘ)

੯੦ ਲਾਲ ਕਵਾਟਰ. ਅਜ਼ਾਦ ਨਗਰ ਮਾਰਕੀਟ,

ਲੁਧਿਆਣਾ—੩

ਨੋਟ—ਆਪ ਜੀ ਹੇਠ ਲਿਖੇ ਐਡਰੈਸਾਂ ਤੇ ਇਸ ਸਬੰਧੀ ਮਿਲ ਸਕਦੇ ਹੋ।

੧. ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ-੩
੨. ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ।
੩. ਖਾਲਸਾ ਨਿਸ਼ਾਨ ਸਟੋਰ, ਮਾਈਸੇਵਾਂ, ਅੰਮ੍ਰਿਤਸਰ।





www.AKJ.Org

# ਅਖੰਡ ਕੀਰਤਨੀ ਜਥੇ ਦੀ ਗੁਰਧਾਮ ਦਰਸ਼ਨ ਯਾਤਰਾ ਦੇ ਸੰਖੇਪ ਹਾਲ

( ਲੜੀ ਨੰਬਰ ੧ )

ਅਜ ਉਹ ਦਿਨ ਸੀ ਜਦੋਂ ਕਿ ਸਿੰਘਾਂ ਨੂੰ ਛੇ ਸਤ ਮਹੀਨੇ ਦੀ ਉਡੀਕ ਮਗਰੋਂ ਉਹ ਤਾਰੀਖ ਮਿਤੀ ੨੮-੯-੧੯੬੭ ਦਾ ਦਿਨ ਆਇਆ ਜਦੋਂ ਕਿ ਸੰਗਤਾਂ ਨੇ ਯਾਤਰਾ ਲਈ ਸ੍ਰੀ ਹਜ਼ੂਰ ਸਾਹਿਬ (ਸਚ ਖੰਡ) ਅਤੇ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਦਾ ਆਰੰਭ ਕੀਤਾ। ਸਿੰਘ ਅਤੇ ਸਿੰਘਣੀਆਂ ਪੂਰੀ ਤਿਆਰੇ ਖਿਚੇ ਤੁਰਨ ਦੀ ਤਿਆਰੀ ਵਿਚ ਸਨ ਅੰਮ੍ਰਿਤ ਵੇਲੇ ਗੁ: ਸਾਹਿਬ ਸਿੰਘ ਸਭਾ ਸੈਕਟਰ ੧੯ ਡੀ ਚੰਡੀਗੜ੍ਹ ਤੋਂ ਸਿੰਘਾਂ ਦਾ ਜਥਾ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਅਰਦਾਸਾ ਸੋਧ ਕਮਰਕਸੇ ਕੀਤੇ 6¼ ਵਜੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਵਿਦਾ ਹੋਏ। ਚੰਡੀਗੜ੍ਹ ਦੀਆਂ ਸੰਗਤਾਂ ਨੇ ਯਾਤਰੀਆਂ ਨੂੰ ਫਰੂਟ ਵੰਡ ਵਿਦਾ ਕੀਤਾ।

## ਦਰਸ਼ਨ ਗੁਰਦਵਾਰਾ ਬਾਉਲੀ ਸਾਹਿਬ

ਇਹ ਅਸਥਾਨ ਚੰਡੀਗੜ੍ਹ ਤੋਂ ਤਕਰੀਬਨ ਤਿੰਨ ਚਾਰ ਮੀਲ ਦੀ ਦੂਰੀ ਤੇ ਹੈ ਸੰਗਤਾਂ ਨੇ ਇਸ ਗੁਰਦਵਾਰੇ ਦੇ ਦਰਸ਼ਨ ਕੀਤੇ। ਇਸ ਦਾ ਇਤਹਾਸ ਇਸਤਰਾਂ ਹੈ।

ਦਸਵੇਂ ਪਾਤਸ਼ਾਹ ਦੋ ਜਹਾਨ ਦੇ ਵਾਲੀ ਫਿਰਦੇ ਫਿਰਦੇ ਇਸ ਅਵਥਾਨ ਤੇ ਪੁਜੇ। ਇਸ ਥਾਂ ਇਕ ਫਕੀਰ ਰਹਿੰਦਾ ਸੀ। ਉਸਨੂੰ ਪਾਤਸ਼ਾਹ ਨੇ ਪੁਛਿਆ ਕਿ ਆਪ ਜਲ ਕਿਥੋਂ ਲੈਕੇ ਵਰਤਦੇ ਹੋ ਫਕੀਰ ਨੇ ਉਤਰ ਦਿਤਾ ਕਿ ਦੋ ਜਹਾਨ ਦੇ ਵਾਲੀ ਮੈਂ ਤਾਂ ਜਲ ਬਹੁਤ ਦੂਰ ਤੋਂ ਲਿਆ ਕੇ ਵਰਤਦਾ ਹਾਂ ਆਪ ਕਿਰਪਾ ਕਰੋ ਆਪ ਖੁਦਾ ਰੂਪ ਹੋ। ਗੁਰੂ ਸਾਹਿਬ ਨੇ ਬਰਛਾ ਮਾਰਕੇ ਧਰਤੀ ਤੋਂ ਜਲ ਕਢ ਦਿਤਾਂ। ਉਥੇ ਅਜ ਤਕ ਬਾਵਲੀ ਸਾਹਿਬ ਹੈ।

## ਦਰਸ਼ਨ ਗੁਰਦਵਾਰਾ ਸਾਹਿਬ ਨਾਭ

੭-੩੦ ਬਜੇ ਸਾਡੀਆਂ ਬਸਾਂ ਗੁਰਦਵਾਰ ਸਾਹਿਬ ਨਾਭਾ ਪਹੁੰਚੀਆਂ। ਸੰਗਤਾਂ ਨੇ ਗੁਰਦਵਾਰਾ ਸਾਹਿਬ ਦੇ ਬੜੀ ਸ਼ਰਧਾ ਨਾਲ ਦਰਸ਼ਨ ਕੀਤੇ। ਇਸ ਅਸਥਾਨ ਪਰ ਭਾਈ ਜੈਤਾ ਜੀ ਦਸਵੇਂ ਪਾਤਸ਼ਾਹ ਪਾਸ ਨੌਵੇਂ ਪਾਤਸ਼ਾਹ ਦਾ ਸੀਸ ਲੈਕੇ ਅਨੰਦਪੁਰ ਸਾਹਿਬ ਵਿਖੇ ਜਾ ਰਹੇ ਸਨ ਤਾਂ ਇਥੇ ਜੰਗਲ ਵਿਚ ਦਰਗਾਹੀ ਸ਼ਾਹ ਫ਼ਕੀਰ ਰਹਿੰਦਾ ਸੀ। ਉਸ ਨੇ ਭਾਈ ਜੈਤਾ ਜੀ ਦੇ ਦਰਸ਼ਨ ਕੀਤੇ ਤੇ ਕਿਹਾ ਕਿ ਆਪ ਜੀ ਦੇ ਪਾਸ ਕੋਈ ਅਲਾਹੀ ਚੀਜ਼ ਹੈ, ਮੈਨੂੰ ਦਰਸ਼ਨ ਕਰਵਾਓ। ਭਾ: ਜੈਤਾ ਨੇ ਉਤਰ ਦਿਤਾ ਨਹੀਂ ਮੇਰੇ ਪਾਸ ਕੋਈ ਐਸੀ ਚੀਜ਼ ਨਹੀਂ ਹੈ। ਇਸਤਰ੍ਹਾਂ ਦਰਗਾਹੀ ਫ਼ਕੀਰ ਨੇ ਕਈ ਵਾਰੀ ਕਿਹਾ ਕਿ ਆਪ ਮੁਝੇ ਅਲਾਹੀ ਚੀਜ਼ ਕੇ ਦਰਸ਼ਨ ਨਹੀਂ ਕਰਵਾਤੇ। ਮੇਰੇ ਭਾਗਾਂ ਵਿਚ ਨਹੀਂ ਹੈ। ਮੈਂ ਆਪ ਜੀ ਨਾਲ ਵਾਇਦਾ ਕਰਦਾ ਹਾਂ ਕਿ ਮੈਂ ਕਿਸੇ ਹੋਰ ਨੂੰ ਨਹੀਂ ਦਸਾਂਗਾ।



www.AKJ.Org

ਇਹ ਸੁਣ ਕੇ ਭਾ: ਜੈਤਾ ਜੀ ਨੇ ਸੀਸ ਦਰਗਾਹੀ ਫ਼ਕੀਰ ਦੇ ਅਗੇ ਰਖ ਦਿਤਾ। ਦਰਗਾਹੀ ਸ਼ਾਹ ਫ਼ਕੀਰ ਨੇ ਤਿੰਨ ਵਾਰੀ ਸਜਦਾ ਕੀਤਾ ਅਤੇ ਭਾਈ ਜੈਤਾ ਜੀ ਨੇ ਇਸ਼ਨਾਨ ਕਰ ਕੇ ਰਾਤ ਇਸ ਅਸਥਾਨ ਪਰ ਬਿਸ਼ਰਾਮ ਕੀਤਾ। ਦਰਗਾਹੀ ਸ਼ਾਹ ਫ਼ਕੀਰ ਨੇ ਭਾ: ਜੈਤਾ ਜੀ ਨੂੰ ਲੰਗਰ ਲਈ ਕਿਹਾ ਕਿ ਉਹ ਲੰਗਰ ਛਕ ਲੈਣ ਪ੍ਰੰਤੂ ਭਾਈ ਜੈਤਾ ਜੀ ਨੇ ਇਨਕਾਰ ਕਰ ਦਿਤਾਂ ਅਤੇ ਰਸਦ ਲੈ ਕੇ ਲੰਗਰ ਬਣਾ ਕਰ ਛਕਣ ਲਈ ਭੀ ਇਨਕਾਰ ਕਰ ਦਿਤਾ ਅਤੇ ਦੂਸਰੇ ਦਿਨ ਗੁਰੂ ਸਾਹਿਬ ਦਾ ਸੀਸ ਲੈ ਭਾ: ਜੈਤਾ ਜੀ ਤਿਆਰੀ ਕਰ ਲਈ। ਜਦ ਦਰਗਾਹੀ ਸ਼ਾਹ ਨੂੰ ਪਤਾ ਲਗਾ ਕਿ ਭਾਈ ਜੈਤਾ ਜੀ ਤਿਆਰ ਹਨ ਤਾਂ ਦਰਗਾਹੀ ਸ਼ਾਹ ਨੇ ਹਥ ਜੋੜ ਬੇਨਤੀ ਕੀਤੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਮੇਰੀ ਵਲੋਂ ਬੇਨਤੀ ਕਰਨਾ ਕਿ ਜਦ ਆਪ ਇਧਰ ਆਓ ਤਾਂ ਦਾਸ ਨੂੰ ਜ਼ਰੂਰ ਦਰਸ਼ਨ ਦੇਣਾ ਕਿਉਂਕਿ ਮੈਂ ਬੀਮਾਰ ਅਤੇ ਬਿਰਧ ਹਾਂ ਆਪ ਜੀ ਦੇ ਦਰਸ਼ਨ ਕਰਨ ਨਹੀਂ ਆ ਸਕਦਾ। ਆਪ ਹੀ ਮੇਹਰ ਦੀ ਨਿਗਾਹ ਕਰੋ ਅਤੇ ਦਰਸ਼ਨ ਦਿਉ। ਮੇਰੀ ਉਮਰ 250 ਸਾਲ ਦੀ ਹੋ ਚੁਕੀ ਹੈ।

ਭਾ: ਜੈਤਾ ਜੀ ਜਦ ਸੀਸ ਲੈ ਅਨੰਦਪੁਰ ਸਾਹਿਬ ਪੁਜੇ ਤਾਂ ਆਪ ਨੇ ਦਰਗਾਹੀ ਸ਼ਾਹ ਫ਼ਕੀਰ ਦਾ ਸੰਦੇਸ਼ ਦਿਤਾ ਕਿ ਦਰਗਾਹੀ ਸ਼ਾਹ ਫਕੀਰ ਪਾਸ ਦਾਸ ਨੇ ਰਾਤ ਬਿਸਰਾਮ ਕੀਤਾ ਹੈ ਅਤੇ ਉਸ ਨੇ ਆਪ ਜੀ ਦੇ ਦਰਸ਼ਨਾਂ ਲਈ ਜੋਦੜੀ ਕੀਤੀ ਹੈ। ਦਸਵੇਂ ਪਾਤਸ਼ਾਹ ਕੁਝ ਸਮੇਂ ਮਗਰੋਂ ਇਥੇ ਪੁਜੇ ਅਤੇ ਦਰਗਾਹੀ ਸ਼ਾਹ ਫ਼ਕੀਰ ਦੇ ਗ੍ਰਹਿ ਵਿਖੇ ਆਣ ਦਰਸ਼ਨ ਦਿਤੇ। ਦਰਗਾਹੀ ਸ਼ਾਹ ਫਕੀਰ ਗੁਰੂ ਸਾਹਿਬ ਦੇ ਦਰਸ਼ਨ ਕਰ ਗੱਦ ਗੱਦ ਹੋ ਗਿਆ ਅਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪ ਮੇਰੇ ਪਰ ਮੇਹਰ ਦੀ ਨਜ਼ਰ ਕਰੋ ਅਤੇ ਮੇਰੇ ਲਈ ਚੜ੍ਹਾਈ ਦਾ ਅਰਦਾਸਾ ਕਰੋ। ਸ੍ਰੀ ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ ਆਪ ਜੀ ਦੇ ਅਜੇ ੪੦ ਦਿਨ ਬਾਕੀ ਹਨ। ੪੦ ਦਿਨ ਮਗਰੋਂ ਇਸ ਸੰਸਾਰ ਨੂੰ ਛਡ ਜਾਓਗੇ। ਇਸ ਅਸਥਾਨ ਦੇ ਗ੍ਰੰਥੀ ਸਿੰਘ ਨੇ ਦਸਿਆ ਕਿ ਗੁਰਦਵਾਰਾ ਸਾਹਿਬ ਦੇ ਅੰਦਰ ਜਿਥੇ ਮੰਜੀ ਸਾਹਿਬ ਹੈ। ਮਿਟੀ ਦੇ ਤੇਲ ਦਾ ਦੀਵਾ ਜਾਂ ਗੈਸ ਨਹੀਂ ਬਲਦਾ। ਜੇ ਕੋਈ ਬਾਲ ਕੇ ਅੰਦਰ ਰਖੇ ਤਾਂ ਸ਼ਹੀਦ ਸਿੰਘ ਬੁਝਾ ਦਿੰਦੇ ਹਨ ਇਸ ਲਈ ਇਸ ਜਗ੍ਹਾ ਮਿਟੀ ਦਾ ਤੇਲ ਨਹੀਂ ਵਰਤਿਆ ਜਾਂਦਾ।

## ਦਰਸ਼ਨ ਗੁਰਦਵਾਰਾ ਸਾਹਿਬ ਮੰਜੀ ਸਾਹਿਬ ਅੰਬਾਲਾ

੮-੩੦ ਸਵੇਰੇ ਸਾਡੀਆਂ ਬਸਾਂ ਗੁਰਦਵਾਰਾ ਸਾਹਿਬ ਮੰਜੀ ਸਾਹਿਬ ਅੰਬਾਲਾ ਸ਼ਹਿਰ ਪੁਜੀਆਂ। ਇਹ ਗੁਰਦਵਾਰਾ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਅਸਥਾਨ ਹੈ। ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਤੋਂ ਰਿਹਾ ਹੋਏ ਤਾਂ ਆਪ ਰਸਤੇ ਵਿਚ ਇਸ ਅਸਥਾਨ ਪਰ ਠਹਿਰੇ। ਇਸ ਜਗਾ ਪਾਣੀ ਬਹੁਤ ਡੂੰਘਾ ਸੀ। ਨਗਰ ਨਵਾਸੀਆਂ ਦੀ ਬੇਨਤੀ ਕਰਨ ਪਰ ਇਸ ਅਸਥਾਨ ਪਰ ਬਾਵਲੀ ਸਾਹਿਬ ਬਣਾਈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭੀ ਚਰਨ ਪਾਏ ਸਨ।

## ਸੰਗਤ ਅੰਬਾਲਾ ਛਾਵਣੀ ਵਲੋਂ ਸਵਾਗਤ

ਸਾਡੀਆਂ ਬਸਾਂ ੯ ਬਜੇ ਅੰਬਾਲਾ ਛਾਵਣੀ



www.AKJ.Org

ਪੁਜੀਆਂ ਹਾਲਾਂਕਿ ਸੰਗਤਾਂ ਨੂੰ ੭ ਬਜੇ ਦਾ ਵਕਤ ਦਿਤਾ ਹੋਇਆ ਸੀ ਲੇਕਿਨ ਫਿਰ ਭੀ ਸੰਗਤਾਂ ਇਨਤਜ਼ਾਰ ਵਿਚ ਖੜੀਆਂ ਸਨ। ਬੜੇ ਜੋਸ਼ ਖਰੋਸ਼ ਵਿਚ ਇਸ ਸ਼ਬਦ ਨਾਲ ਸਵਾਗਤ ਕੀਤਾ ਗਿਆ।

'ਗੁਰਸਿਖਾਂ ਕੀ ਹਰਿ ਧੂੜ ਦੇ ਹਮ ਪਾਪੀ ਭੀ ਗਤਿ ਪਾਏਂ' ਇਹ ਸ਼ਬਦ ਭਾ: ਇੰਦਰ ਸਿੰਘ ਜੀ ਅੰਬਾਲਾ ਵਲੋਂ ਉਚਾਰਨ ਹੋਇਆ ਤਾਂ ਸਮਝੋ ਕਿ ਵੈਰਾਗ ਤੇ ਪਿਆਰ ਦੀ ਝਰਨਾਟ ਸਾਰੀ ਸੰਗਤ ਵਿਚ ਫਿਰ ਗਈ। ਦੋਨੋਂ ਜਥੇ ਇਕ ਦੂਜੇ ਨੂੰ ਸਜਨ ਨੇਤਰੀਂ ਨਾਲ ਮਿਲੇ। ਇਉਂ ਬੜਾ ਨਿਘਾ ਸਵਾਗਤ ਕੀਤਾ ਗਿਆ ਇਹ ਸਵਾਗਤ ਅੰਬਾਲਾ ਛਾਉਣੀ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਾਹਿਬ ਸਭਾ ਲਾਲ ਕੁੜਤੀ ਵਿਖੇ ਹੋਇਆ। ਭਾ. ਇੰਦਰ ਸਿੰਘ ਜੀ ਦੇ ਸ਼ਬਦ ਦੀ ਸਮਾਪਤੀ ਮਗਰੋਂ ਭਾ: ਜੀਵਣ ਸਿੰਘ ਜੀ ਲੁਧਿਆਣਾ ਨੇ ਇਸ ਸ਼ਬਦ ਨਾਲ ਅੰਬਾਲਾ ਛਾਵਣੀਆਂ ਦੀਆਂ ਸੰਗਤਾਂ ਦਾ ਸਵਾਗਤ ਕੀਤਾ ਜਿੰਨਾ ਦਸੰਦਿਆ ਦੁਰਮਤ ਵੰਞੇ ਮਿਤ੍ਰ ਅਸਾਡੜੇ ਸੇਈ; ਮਿਤ੍ਰ ਅਸਾਡੜੇ ਸੇਈ।

ਇਸ ਸ਼ਬਦ ਦੀ ਸਮਾਪਤੀ ਮਗਰੋਂ ਅੰਬਾਲਾ ਛਾਵਣੀ ਦੀ ਸੰਗਤ ਵਲੋਂ ਜੀ ਆਇਆਂ ਆਖਿਆ ਗਿਆ ਅਤੇ ਗੁਰਦਵਾਰਾ ਸਾਹਿਬ ਦੇ ਹਾਲ ਵਿਚ ਬੈਠ ਫਿਰ ਸ਼ਬਦ ਕੀਰਤਨ ਆਰੰਭ ਦਿਤਾ ਗਿਆ ਦਸ ਬਜੇ ਸਮਾਪਤੀ, ਅਰਦਾਸਾ ਅਤੇ ਹੁਕਮ ਨਾਮੇਂ ਮਗਰੋਂ ਯਾਤਰੂ ਜਥੇ ਨੇ ਅਗੇ ਚਾਲੇ ਪਾਏ।

## ਗੁਰਦਵਾਰਾ ਸਾਹਿਬ ਕਰਨਾਲ

ਠੀਕ ਦੁਪਹਿਰ ਦੇ ਇਕ ਵਜੇ ਅਸੀਂ ਕਰਨਾਲ ਪੁਜੇ ਅਤੇ ਗੁਰਦਵਾਰਾ ਸਾਹਿਬ ਮੰਜੀ ਸਾਹਿਬ (ਪਾਤਸ਼ਾਹੀ ਪਹਿਲੀ) ਵਿਖੇ ਇਕ ਘੰਟਾ ਕੀਰਤਨ ਕੀਤਾ ਉਪਰੰਤ ਪ੍ਰਸ਼ਾਦਾ ਛਕ ੨.੩੦ ਵਜੇ ਦਿਲੀ ਲਈ ਤਿਆਰੇ ਕਰ ਲਏ।

## ਦਰਸ਼ਨ ਗੁਰਦਵਾਰਾ ਬੰਗਲਾ ਸਾਹਿਬ ਦਿਲੀ

ਛੇ ਵਜੇ ਸ਼ਾਮ ਨੂੰ ਅਸੀਂ ਗੁਰਦਵਾਰਾ ਬੰਗਲਾ ਸਾਹਿਬ ਦਿਲੀ ਪੁਜੇ। ਸੰਗਤਾਂ ਦੇ ਦਰਸ਼ਨ ਕਰ ਅਤੇ ਸਿਖ ਅਜਾਇਬ ਘਰ ਦੇਖਿਆ। ਇਹ ਗੁਰ-ਧਾਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਹੈ। ਜਦੋਂ ਸ਼ਹਿਰ ਵਿਚ ਹੈਜ਼ੇ ਦੀ ਬੀਮਾਰੀ ਫੈਲੀ ਹੋਈ ਸੀ, ਨਗਰ ਨਵਾਸੀਆਂ ਨੇ ਬੇਨਤੀ ਕੀਤੀ ਕਿ ਕੋਈ ਉਪਾਉ ਕੀਤਾ ਜਾਵੇ, ਗੁਰੂ ਜੀ ਮਹਾਰਾਜ ਨੇ ਕਿਹਾ ਜੋ ਇਸ ਬਾਉਲੀ ਦਾ ਜਲ ਵਰਤੇਗਾ, ਦੁਖ ਨਾਸ਼ ਹੋਣਗੇ। ਸੰਗਤਾਂ ਹੁਣ ਤਕ ਰੋਗੀਆਂ ਲਈ ਜਲ ਦੀਆਂ ਬੋਤਲਾਂ ਭਰ ਭਰ ਲੈ ਜਾਂਦੀਆਂ ਹਨ ਅਤੇ ਅਰੋਗ ਹੋ ਜਾਂਦੀਆਂ ਹਨ।

## ਦਰਸ਼ਨ ਗੁਰਦਵਾਰਾ ਸਾਹਿਬ ਰਕਾਬ ਗੰਜ ਅਤੇ ਸਵਾਗਤ

੬-੩੦ ਸ਼ਾਮ ਅਸੀਂ ਰਕਾਬ ਗੰਜ ਗੁਰਦਵਾਰਾ ਸਾਹਿਬ ਪੁਜੇ ਤਾਂ ਦਿਲੀ ਦੀਆਂ ਸੰਗਤਾਂ ਵਲੋਂ ਬੜਾ ਨਿਘਾ ਸਵਾਗਤ ਕੀਤਾ ਗਿਆ ਅਤੇ ਜੈਕਾਰਿਆਂ ਦੀ ਗੂੰਜ ਦੇ ਨਾਲ ਹੀ ਇਸ ਸ਼ਬਦ ਨਾਲ ਸਵਾਗਤ ਹੋਇਆ—

ਹਰਿ ਜਸ ਤੁਮ ਸੰਗ ਗਾਵਣ,
ਆਓ ਜੀ ਤੂੰ ਆਓ ਹਮਾਰੇ।

ਇਹ ਸ਼ਬਦ ਬੜੀ ਉਚੀ ਸੁਰ ਵਿੱਚ ਉਚਾਰਨ ਕੀਤਾ ਗਿਆ ਕਿ ਮਾਨੋਂ ਅਕਾਸ਼ ਵਿਚੋਂ ਆਵਾਜ਼ ਆ ਰਹੀ ਹੋਵੇ। ਇਸ ਸ਼ਬਦ ਦੀ †


www.AKJ.Org

'SURA' Monthly 5 November 1967 Regd. No. P 119

# * ਦਾਨੀ ਸਜਣਾਂ ਦਾ ਧੰਨਵਾਦ *

ਹੇਠ ਦਿਤੇ ਗੁਰਮੁਖ ਪਿਆਰਿਆਂ ਨੇ ਮਾਸਕ-ਪੱਤਰ ਸੂਰਾ ਨੂੰ ਸਹਾਇਤਾ ਭੇਜੀ ਹੈ, ਅਸੀਂ ਉਹਨਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ। (ਦਾਸ—ਮੈਨੇਜਰ)

| | | ਰੁਪੈ |
|---|---|---|
| 1 | ਭਾਈ ਖ਼ਜ਼ਾਨ ਸਿੰਘ; ਬਲਬੀਰ ਸਿੰਘ ਕੋਟਾ | 21·00 |
| 2 | ਭਾਈ ਨਿਧਾਨ ਸਿੰਘ ਜੀ 11656 A.P.O. | 10-00 |
| 3 | ਇਕ ਗੁਰਮੁਖ ਪਿਆਰਾ | 20-00 |
| 4 | ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਲ ਕੁੜਤੀ ਅੰਬਾਲਾ ਛਾਉਣੀ | 25-00 |
| 5 | ਅਖੰਡ ਕੀਰਤਨੀ ਜਥਾ, ਬੰਬਈ | 500-00 |
| 6 | ਗੁਰਦੁਆਰਾ ਕੋਲੀ ਵਾੜਾ, ਬੰਬਈ | 101-00 |
| 7 | ਗੁਰਦੁਆਰਾ ਬੜੀ ਸੰਗਤ, ਗਾਂਧੀ ਰੋਡ, ਕਲਕੱਤਾ | 101-00 |
| 8 | ਸੈਕਟਰੀ ਸ੍ਰੀ ਗੁਰੂ ਸਿੰਘ ਸਭਾ ਕਲਕੱਤਾ | 251-00 |
| 9 | ਸ: ਕੇਸਰ ਸਿੰਘ ਕਲਕੱਤਾ | 21-00 |
| 10 | ਸੰਗਤ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਬਰੇਲੀ | 51-00 |

# * ਸੂਰਾ ਪ੍ਰਿੰਟਿੰਗ ਪ੍ਰੈਸ *

ਗੁਰਮੁਖ ਪਿਆਰਿਆਂ ਦੀ ਪਰੇਰਨਾ ਤੇ ਉਦਮ ਨਾਲ ਪਿਛਲੇਰੇ ਸਾਲ 'ਸੂਰਾ' ਅਰੰਭ ਹੋਇਆ ਸੀ, ਇਸ ਸਾਲ ੨੩ ਜੁਲਾਈ ਤੋਂ **ਸੂਰਾ ਪ੍ਰਿੰਟਿੰਗ ਪਰੈਸ** ਚਾਲੂ ਹੋ ਗਿਆ ਜਿਨ੍ਹਾਂ ਪਰੇਮੀਆਂ ਨੇ ਇਸ ਲਈ ਆਪਣੀ ਕਿਰਤ ਕਮਾਈ ਵਿਚੋਂ ਮਾਇਆ ਸਫਲ ਕੀਤੀ ਉਹਨਾਂ ਪ੍ਰਤੀ 'ਸੂਰਾ' ਦੇ ਪਾਠਕ ਪਰੇਮੀ ਅਤੇ ਪ੍ਰਬੰਧਕ ਸਦਾ ਹੀ ਧੰਨਵਾਦੀ ਰਹਿਣਗੇ। ਇਹ ਯਤਨ ਨਰੋਲ ਗੁਰਮਤ ਪ੍ਰਚਾਰ ਲਈ ਅਰੰਭਿਆ ਗਿਆ ਹੈ। ਜੋ ਆਪਣੇ ਪਹਿਲੇ ਦੋ ਪੜਾ ਤਹਿ ਕਰ ਚੁਕਿਆ ਹੈ। ਕੋਈ ਵੱਡੀ ਗੱਲ ਨਹੀਂ ਆਉਂਦੇ ਅਰਸੇ ਵਿਚ 'ਸੂਰਾ' ਹਜ਼ਾਰਾਂ ਦੀ ਗਿਣਤੀ ਵਿਚ ਪੁਜ ਕੇ ਗੁਰਮਤ ਦੀ ਸੇਵਾ ਕਰਨ ਦੇ ਕਾਬਲ ਹੋ ਜਾਵੇ, ਇਹ ਤਦ ਹੀ ਹੋ ਸਕਦਾ ਹੈ, ਜੇਕਰ ਸੂਰਾ ਪ੍ਰੈਸ ਨੂੰ ਪੂਰੀ ਤਰ੍ਹਾਂ ਮਜ਼ਬੂਤ ਅਤੇ ਤਿਆਰ ਬਰ ਤਿਆਰ ਕੀਤਾ ਜਾਵੇ, ਜਿਸ ਲਈ ਇਸ ਵੇਲੇ ਟਾਈਪ ਦੀ ਥੁੜ ਹੈ। ਆਸ਼ਾ ਹੈ ਗੁਰਮੁਖ ਪਰੇਮੀ ਇਸ ਪਾਸੇ ਧਿਆਨ ਦੇ ਕੇ ਇਹ ਘਾਟ ਵੀ ਪੂਰੀ ਕਰਨਗੇ, ਅਤੇ ਸੂਰੇ ਦੇ ਵਧ ਤੋਂ ਵਧ ਤੇ ਘਟੋ ਘਟ ਹਰ ਇਕ ਪਾਠਕ ਦੋ ਗਾਹਕ ਇਸ ਸਾਲ ਵਿਚ ਜ਼ਰੂਰ ਬਣਾਏਗਾ।

**ਦਾਸ-ਮੈਨੇਜਰ, ਸੂਰਾ ਪ੍ਰਿੰਟਿੰਗ ਪ੍ਰੈਸ,**
ਰਾਘੋ ਮਾਜਰਾ, ਪਟਿਆਲਾ-3

www.AKJ.Org